### ਹੋਰ ਤਰੀਕੇ ਜਿਨ੍ਹਾਂ ਨਾਲ ਅਸੀਂ ਮਦਦ ਕਰ ਸਕਦੇ ਹਾਂ

## ਤੁਹਾਡੀਆਂ ਲੋੜਾਂ ਨੂੰ ਪੂਰਾ ਕਰਨਾ

ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਸਾਡੇ ਸਾਰੇ ਗਾਹਕਾਂ ਨਾਲ
ਨਿਰਪੱਖ ਢੰਗ ਨਾਲ ਸਲੂਕ ਕੀਤਾ ਜਾਂਦਾ ਹੈ ਅਤੇ ਉਹਨਾਂ ਨੂੰ ਬਿਹਤਰੀਨ ਸੰਭਵ
ਸੇਵਾ ਮਿਲਦੀ ਹੈ। ਜੇ ਤੁਹਾਨੂੰ ਇਹ ਕਿਤਾਬਚਾ ਵੱਡੇ ਅੱਖਰਾਂ, ਬ੍ਰੇਲ ਵਿੱਚ, ਜਾਂ
ਸੀਡੀ 'ਤੇ ਆਡੀਓ ਸੰਸਕਰਣ ਵਜੋਂ ਚਾਹੀਦਾ ਹੋਵੇ, ਕਿਰਪਾ ਕਰਕੇ ਸਾਡੀ ਪ੍ਰਾਇਓਰਿਟੀ ਸਰਵਿਸਿਜ਼ ਟੀਮ (Priority Services Team) ਨੂੰ

0800 269 450* 'ਤੇ ਮੁਫ਼ਤ ਕਾਲ ਕਰੋ।

## ਅੰਗਰੇਜ਼ੀ ਨਾ-ਬੋਲਣ ਵਾਲੇ ਗਾਹਕ

ਜੇ ਅੰਗਰੇਜ਼ੀ ਤੁਹਾਡੀ ਪਹਿਲੀ ਭਾਸ਼ਾ ਨਹੀਂ ਹੈ ਅਤੇ ਤੁਸੀਂ ਕਿਸੇ ਹੋਰ
ਭਾਸ਼ਾ ਵਿੱਚ ਜਾਣਕਾਰੀ ਲੈਣੀ ਚਾਹੋ, ਤਾਂ ਕਿਰਪਾ ਕਰਕੇ ਸਾਨੂੰ

0800 096 9000* 'ਤੇ ਮੁਫ਼ਤ ਕਾਲ ਕਰੋ ਅਤੇ ਅਸੀਂ ਤੁਹਾਨੂੰ ਸਾਡੀ ਵਿਸ਼ੇਸ਼ ਭਾਸ਼ਾ ਲਾਈਨ 'ਤੇ ਤਬਦੀਲ ਕਰ ਦਿਆਂਗੇ।

ਸਾਡੇ ਕੋਲ ਅਜਿਹੇ ਆਪਰੇਟਰ ਹਨ, ਜੋ ਆਪਸ ਵਿੱਚ, 100 ਨਾਲੋਂ ਵੱਧਵੱਖ-ਵੱਖ ਭਾਸ਼ਾਵਾਂ ਬੋਲ ਸਕਦੇ ਹਨ।

ਇਹ ਗਾਈਡ ਸਿਰਫ ਟੈਕਸਟ (ਛਪੇ ਹੋਏ ਅੱਖਰਾਂ) ਦੇ ਰੂਪ ਵਜੋਂ ਉਰਦੂ, ਬੰਗਾਲੀ, ਸੋਮਾਲੀ, ਗੁਜਰਾਤੀ, ਤੁਰਕਿਸ਼, ਹਿੰਦੀ, ਪੰਜਾਬੀ ਅਤੇ ਵੈਲਸ਼ ਵਿੱਚ ਵੀ ਉਪਲਬਧ ਹੈ।

*ਸਾਡੇ ਕਸਟਮਰ ਕੇਅਰ ਪ੍ਰੋਗਰਾਮ ਦੇ ਹਿੱਸੇ ਵਜੋਂ ਕਾਲਾਂ ਦੀ ਜਾਂਚ ਅਤੇ
ਰਿਕਾਰਡਿੰਗ ਕੀਤੀ ਜਾ ਸਕਦੀ ਹੈ। ਯੂਕੇ ਲੈਂਡਲਾਈਨਾਂ ਤੋਂ 0800 ਕਾਲਾਂ
ਮੁਫ਼ਤ ਹੁੰਦੀਆਂ ਹਨ ਪਰ ਜੇ ਤੁਸੀਂ ਕਿਸੇ ਮੋਬਾਈਲ ਫੋਨ ਤੋਂ ਕਾਲ ਕਰਦੇ ਹੋ ਤਾਂ
ਤੁਹਾਡੇ ਨੈਟਵਰਕ ਆਪਰੇਟਰ ਵੱਲੋਂ ਕੋਈ ਖਰਚਾ ਲਗਾਇਆ ਜਾ ਸਕਦਾ ਹੈ। ਹੋਰ ਸਾਰੇ ਨੰਬਰਾਂ 'ਤੇ ਸਥਾਨਕ ਦਰ ਦੇ ਹਿਸਾਬ ਨਾਲ ਖਰਚਾ ਲਗਾਇਆ ਜਾਂਦਾ ਹੈ।

# ਸਾਈਟ ਤੱਕ ਪਹੁੰਚ

- ਜਾਣ-ਪਛਾਣ
- ਸਾਡੇ ਪ੍ਰਤੀਨਿਧਾਂ ਦੀ ਪਛਾਣ ਕਿਵੇਂ ਕਰਨੀ ਹੈ
- ਸਟਾਫ਼ ਦੀ ਚੋਣ ਅਤੇ ਸਿਖਲਾਈ
- ਸੰਪਰਕ ਕਰਨਾ
- ਹੋਰ ਤਰੀਕੇ ਜਿਨ੍ਹਾਂ ਨਾਲ ਅਸੀਂ ਮਦਦ ਕਰ ਸਕਦੇ ਹਾਂ

## ਜਾਣ-ਪਛਾਣ

ਅਸੀ ਆਪਣੇ ਗਾਹਕਾਂ ਦੀ ਸੁਰੱਖਿਆ ਨੂੰ ਬਹੁਤ ਗੰਭੀਰਤਾ ਨਾਲ ਲੈਂਦੇ ਹਾਂ

ਇਹੀ ਕਾਰਨ ਹੈ ਕਿ ਸਾਡੇ ਦੌਰਾ ਕਰਨ ਵਾਲੇ ਪ੍ਰਤੀਨਿਧ. ਸਾਵਧਾਨੀ ਪੂਰਵਕ ਚੁਣੇ ਜਾਂਦੇ ਹਨ, ਉਚੇਰੀ ਸਿਖਲਾਈ ਪ੍ਰਾਪਤ ਹੁੰਦੇ ਹਨ ਅਤੇ ਉਹਨਾਂ ਕੋਲ ਹਮੇਸ਼ਾਂ ਆਪਣੀ ਸ਼ਨਾਖਤ ਦਾ ਕੋਈ ਦਸਤਾਵੇਜ਼ ਹੁੰਦਾ ਹੈ। ਇਹ ਕਿਤਾਬਚਾ ਤੁਹਾਨੂੰ ਦਸਦਾ ਹੈ ਕਿ ਜਦੋਂ ਅਸੀਂ ਤੁਹਾਡੇ ਅਹਾਤਿਆਂ ਵਿਖੇ ਮੁਲਾਕਾਤ ਲਈ ਆਉਂਦੇ ਹਾਂ ਤਾਂ ਤੁਹਾਡੇ ਪ੍ਰਤੀ ਸਾਡੀ ਕੀ ਜ਼ਿੰਮੇਵਾਰੀ ਹੈ ਅਤੇ ਤੁਹਾਨੂੰ ਵੱਧ ਤੋਂ ਵੱਧ
ਸੁਰੱਖਿਆ ਅਤੇ ਮਨ ਦੀ ਸ਼ਾਂਤੀ ਦੇਣ ਲਈ ਅਸੀਂ ਕੀ ਕਰਦੇ ਹਾਂ।

## ਸਾਡੇ ਪ੍ਰਤੀਨਿਧਾਂ ਦੀ ਪਛਾਣ ਕਿਵੇਂ ਕਰਨੀ ਹੈ

### ਸਾਡੇ ਸਟਾਫ਼ ਦੀ ਪਛਾਣ ਕਰਨੀ ਸੌਖੀ ਹੈ

ਅਸੀਂ ਸਮਝਦੇ ਹਾਂ ਕਿ ਤੁਸੀਂ ਇਹ ਯਕੀਨੀ ਬਣਾਉਣਾ ਚਾਹੋਗੇ ਕਿ ਸਾਡੇ ਪ੍ਰਤੀਨਿਧੀ ਈਡੀਐਫ਼ ਐਨਰਜੀ ਤੋਂ ਹਨ। ਇਸ ਲਈ ਆਪਣੇ ਸਟਾਫ਼ ਨੂੰ ਸੌਖਿਆਂ ਪਛਾਣੇ ਜਾਣ ਯੋਗ ਬਣਾਉਣ ਲਈ, ਅਸੀਂ ਇਹ ਕਰਦੇ ਹਾਂ:

- ਜਿੱਥੇ ਸੰਭਵ ਹੋਵੇ, ਸਾਡੀਆਂ ਮੁਲਾਕਾਤਾਂ ਲਈ ਵਰਤੀਆਂ ਜਾਂਦੀਆਂ ਕੋਈ ਵੀ ਵੈਨਾਂ ਜਾਂ ਕਾਰਾਂ ਕੰਪਨੀ ਦੇ ਨਾਮ ਅਤੇ ਮਾਰਕੇ ਨੂੰ ਪ੍ਰਦਰਸ਼ਿਤ ਕਰਦੀਆਂ ਹਨ।
- ਜੇ ਵਿਹਾਰਕ ਹੋਵੇ, ਤਾਂ ਮੁਲਾਕਾਤ ਕਰਨ ਆਉਣ ਵਾਲੇ ਪ੍ਰਤੀਨਿਧੀ ਅਜਿਹੇ ਕਪੜੇ ਪਹਿਨਦੇ ਹਨ ਜੋ ਵਪਾਰਕ ਨਾਮ ਨੂੰ ਪ੍ਰਦਰਸ਼ਿਤ ਕਰਦੇ ਹੋਣ।
- ਸਾਡੇ ਸਾਰੇ ਪ੍ਰਤੀਨਿਧੀ ਆਪਣੇ ਨਾਲ ਸ਼ਨਾਖਤੀ ਕਾਰਡ ਰਖਦੇ ਹਨ ਅਤੇ ਜਦੋਂ ਵੀ ਉਹ ਮਿਲਣ ਆਉਣਗੇ ਤੁਹਾਨੂੰ ਇਹ ਕਾਰਡ ਹਮੇਸ਼ਾਂ ਦਿਖਾਉਣਗੇ।

## ਸਾਡੇ ਪ੍ਰਤੀਨਿਧਾਂ ਦੀ ਪਛਾਣ ਕਿਵੇਂ ਕਰਨੀ ਹੈ

### ਸ਼ਨਾਖਤੀ ਕਾਰਡ

ਸਾਡ ਸ਼ਨਾਖਤੀ ਕਾਰਡ ਹਠਾਂ ਦਿੱਤੀ ਜਾਣਕਾਰੀ ਨੂੰ ਪ੍ਰਦਰਸ਼ਿਤ ਕਰਦ ਹਨ:

- ਕੰਪਨੀ ਦਾ ਵਪਾਰਕ ਨਾਮ (ਜੋ ਖੁਦ ਈਡੀਐਫ਼ ਐਨਰਜੀ ਦੀ ਬਜਾਏ ਈਡੀਐਫ਼ ਐਨਰਜੀ ਦਾ ਕੋਈ ਏਜੰਟੀ ਵੀ ਹੋ ਸਕਦਾ ਹੈ)।
- ਕਾਰਡ ਰੱਖਣ ਵਾਲੇ ਵਿਅਕਤੀ ਦਾ ਨਾਂ।
- ਕਾਰਡ ਰੱਖਣ ਵਾਲੇ ਵਿਅਕਤੀ ਦੀ ਹਾਲੀਆ ਤਸਵੀਰ।
- ਖ਼ ਸੌਖਾ ਦਿਖਾਈ ਦੇਣ ਵਾਲਾ ਟੈਲੀਫ਼ੋਨ ਨੰਬਰ, ਜਿਸ 'ਤੇ ਤੁਸੀਂ ਪ੍ਰਤੀਨਿਧੀ ਦੀ ਪਛਾਣ ਦੀ ਸ਼ਨਾਖਤ ਦੀ ਜਾਂਚ ਕਰਨ ਲਈ ਕਾਲ ਕਰ ਸਕਦੇ ਹੋ।
- ਮਿਆਦ ਪੁੱਗਣ ਦੀ ਤਾਰੀਖ (ਕਾਰਡ ਇਸ ਤਾਰੀਖ ਤੋਂ ਬਾਅਦ ਜਾਇਜ਼ ਨਹੀਂ ਹੁੰਦਾ)।

ਇਹ ਯਕੀਨੀ ਬਣਾਉਣ ਲਈ ਸਾਡੇ ਸ਼ਨਾਖਤੀ ਕਾਰਡ ਸਿਰ ਫ਼ ਅਧਿਕਾਰਤ ਲੋਕਾਂ ਨੇ ਹੀ ਰੱਖੇ ਹੋਣ, ਜਦੋਂ ਵੀ ਇਹਨਾਂ ਕਾਰਡਾਂ ਦੀ ਮਿਆਗ ਪੁਗ ਜਾਂਦ ਹੈ ਜਾਂ ਪ੍ਰਤੀਨਿਧੀ ਨੇ ਸਾਡੇ ਨਾਲ ਕੰਮ ਕਰਨਾ ਬੰਦ ਕਰ ਦਿੱਤਾ ਹੋਵੇ, ਤਾਂ

ਅਸੀਂ ਤੁਰੰਤ ਹੀ ਉਹਨਾਂ ਕਾਰਡਾਂ ਨੂੰ ਨਸ਼ਟ ਕਰ ਦਿੰਦੇ ਹਾਂ।

ਸਾਰੇ ਪ੍ਰਤੀਨਿਧਾਂ ਕੋਲ, ਘੱਟ ਨਜ਼ਰ ਵਾਲੇ ਗਾਹਕਾਂ ਲਈ, ਆਪਣੇ ਸ਼ਨਾਖਤੀ ਕਾਰਡ ਦਾ ਇੱਕ ਵੱਡੇ ਅੱਖਰਾਂ ਵਿੱਚ ਛਪਿਆ ਹੋਇਆ ਰੂਪ ਵੀ ਹੁੰਦਾ ਹੈ।

## ਸਾਡੇ ਪ੍ਰਤੀਨਿਧਾਂ ਦੀ ਪਛਾਣ ਕਿਵੇਂ ਕਰਨੀ ਹੈ

### ਪਾਸਵਰਡ ਯੋਜਨਾ

ਵਾਧੂ ਸੁਰੱਖਿਆ ਲਈ, ਤੁਸੀਂ ਸਾਡੀ ਮੁਫ਼ਤ ਪਾਸਵਰਡ ਯੋਜਨਾ ਦੀ ਵਰਤੋਂ ਕਰ ਸਕਦੇ ਹੋ: ਬੱਸ ਕੋਈ ਅਜਿਹਾ ਪਾਸਵਰਡ ਚੁਣੋ ਜੋ ਸਿਰਫ ਤੁਹਾਨੂੰ ਪਤਾ ਹੋਵੇ, ਫੇਰ ਸਾਨੂੰ 0800 269 450' 'ਤੇ ਮੁਫ਼ਤ ਕਾਲ ਕਰੋ। ਜਦੋਂ ਤੁਸੀਂ ਸਾਡੀ ਯੋਜਨਾ ਨਾਲ ਜੁੜ ਜਾਓਗੇ, ਤਾਂ ਜਦੋਂ ਵੀ ਸਾਡੇ ਪ੍ਰਤੀਨਿਧੀ ਤੁਹਾਡੇ ਘਰ ਆਉਣਗੇ ਤਾਂ ਉਹ ਹਮੇਸ਼ਾਂ ਤੁਹਾਡੇ ਪਾਸਵਰਡ ਦੀ ਵਰਤੋਂ ਕਰਨਗੇ। ਅਸੀਂ ਤੁਹਾਡੇ ਪਾਸਵਰਡ ਦਾ ਰਿਕਾਰਡ ਰੱਖਾਂਗੇ ਅਤੇ ਇਸਨੂੰ ਸੁਰੱਖਿਅਤ ਰੱਖਾਂਗੇ – ਸਟਾਫ਼ ਦੇ ਸਿਰਫ ਉਸੇ ਵਿਅਕਤੀ ਨੂੰ ਦੱਸਿਆ ਜਾਵੇਗਾ ਜਿਸਨੂੰ ਸੱਚਮੁੱਚ ਇਹ ਜਾਣਨ ਦੀ ਲੋੜ ਹੋਵੇਗੀ।

### ਸੁਰੱਖਿਆ

ਜਦੋਂ ਕੋਈ ਵਿਅਕਤੀ ਤੁਹਾਡੇ ਦਰਵਾਜ਼ੇ ਨੂੰ ਖੜਕਾਉਂਦਾ ਹੈ ਤਾਂ ਇਹ ਯਕੀਨੀ ਬਣਾਉਣ ਲਈ ਕਿ ਇਹ ਸਾਡੇ ਪ੍ਰਤੀਨਿਧਾਂ ਵਿੱਚੋਂ ਇੱਕ ਹੈ, ਤੁਹਾਡੀ ਸੁਰੱਖਿਆ ਲਈ ਅਸੀਂ ਤੁਹਾਨੂੰ ਹੇਠਾਂ ਦਿੱਤੀ ਸਲਾਹ ਦਿੰਦੇ ਹਾਂ: ਜਦੋਂ ਤੱਕ ਤੁਹਾਨੂੰ ਆਉਣ ਵਾਲੇ ਵਿਅਕਤੀ ਦੀ ਪਛਾਣ ਬਾਰੇ ਪੱਕਾ ਪਤਾ ਨਾ ਹੋਵੇ, ਦਰਵਾਜ਼ੇ ਦੀ ਜੰਜੀਰ ਅਤੇ ਦਰਵਾਜ਼ੇ ਦੀ ਚੋਰੀ-ਮੋਰੀ ਦੀ ਵਰਤੋਂ ਕਰੋ। ਇਸ ਤੋਂ ਪਹਿਲਾਂ ਕਿ ਤੁਸੀਂ ਆਉਣ ਵਾਲੇ ਵਿਅਕਤੀ ਨੂੰ ਅੰਦਰ ਆਉਣ ਦੀ ਆਗਿਆ ਦਿਓ ਉਸਨੂੰ ਆਪਣੀ ਸ਼ਨਾਖਤ ਦਾ ਸਬੂਤ ਦਿਖਾਉਣ ਲਈ ਕਹੋ। ਧਿਆਨ ਨਾਲ ਉਹਨਾਂ ਦੇ ਕਾਰਡ ਦੀ ਜਾਂਚ ਕਰਨ ਵਿੱਚ ਸ਼ਰਮ ਨਾ ਮਹਿਸੂਸ ਕਰੋ – ਕੋਈ ਅਸਲੀ ਪ੍ਰਤੀਨਿਧੀ ਇਸ ਗੱਲ ਦਾ ਬੁਰਾ ਨਹੀਂ ਮਨਾਏਗਾ। ਜੇ ਤੁਹਾਨੂੰ ਸ਼ੱਕ ਹੈ ਕਿ ਕੀ ਤੁਹਾਡੇ ਘਰ ਮਿਲਣ ਆਇਆ ਵਿਅਕਤੀ ਸੱਚਮੁੱਚ ਸਾਡੇ ਲਈ ਕੰਮ ਕਰ ਰਿਹਾ ਹੈ ਜਾਂ ਨਹੀਂ, ਤਾਂ ਕਿਰਪਾ ਕਰਕੇ ਸਾਨੂੰ 0845 603 9261' 'ਤੇ ਕਾਲ ਕਰੋ ਅਤੇ ਅਸੀਂ ਇਸਦੀ ਪੁਸ਼ਟੀ ਕਰਾਂਗੇ ਕਿ ਪ੍ਰਤੀਨਿਧੀ ਸੱਚਾ ਹੈ ਜਾਂ ਨਹੀਂ।

## ਸਟਾਫ਼ ਦੀ ਚੋਣ ਅਤੇ ਸਿਖਲਾਈ

### ਉੱਚੇ ਮਾਪਦੰਡ ਬਣਾਈ ਰੱਖਣਾ

ਇਹ ਯਕੀਨੀ ਬਣਾਉਣ ਲਈ ਕਿ ਸਾਡ ਕੋਲ ਸਰਵੋਤਮ ਪ੍ਰਤੀਨਿਧੀ ਕੰਮ ਕਰਦ ਹਨ ਅਸੀ:

- ਯਕੀਨੀ ਬਣਾਉਂਦ ਹਾਂ ਕਿ ਸਾਰ ਮੁਲਾਕਾਤੀ ਏਜੰਟ ਜਾਂ ਪ੍ਰਤੀਨਿਧੀ ਢੁੱਕਵ ਢੰਗ ਨਾਲ ਕੰਮ ਕਰਨ ਲਈ ਪੂਰੀ ਤਰ੍ਹਾਂ ਸਿਖਲਾਈ ਪ੍ਰਾਪਤ ਹੋਣ।
- ਜਿੱਥ ਵੀ ਲੋੜ ਹੋਵ ਸਟਾਫ਼ ਨੂੰ ਵਾਧੂ ਸਿਖਲਾਈ ਦਣੀ ਜਾਰੀ ਰਖਦ ਹਾਂ।
- ਕਾਰਗੁਜ਼ਾਰੀ 'ਤ ਲਗਾਤਾਰ ਨਜ਼ਰ ਰਖਦ ਹਾਂ

## ਸਟਾਫ਼ ਦੀ ਚੋਣ ਅਤੇ ਸਿਖਲਾਈ

### ਆਪਣੇ ਪ੍ਰਤੀਨਿਧਾਂ ਨੂੰ ਪੇਸ਼ੇਵਰ ਬਣਾਈ ਰੱਖਣਾ

ਸਾਡ ਪ੍ਰਤੀਨਿਧ ਸਾਡੀ ਕੰਪਨੀ ਦਾ ਜਨਤਕ ਚਿਹਰਾ ਹਨ, ਇਸ ਲਈ ਅਸੀ ਚਾਹੁੰਦ ਹਾਂ ਕਿ ਉਹ ਚੰਗਾ ਪ੍ਰਭਾਵ ਦਣ। ਜਦੋ ਕੋਈ ਪ੍ਰਤੀਨਿਧ ਤੁਹਾਡ ਘਰ ਆਉਦਾ ਹੈ ਤਾਂ ਅਸ

ਇਹ ਯਕੀਨੀ ਬਣਾਉਣ ਲਈ ਆਪਣੀ ਸਰਵੋਤਮ ਕੋਸ਼ਿਸ਼ ਕਰਦ ਹਾਂ ਕਿ ਉਹ:

- ਵਾਧੂ ਮੇਲ-ਜੋਲ ਕੀਤੇ ਬਿਨਾਂ, ਸ਼ਾਂਤ ਅਤੇ ਨਿਮਰ ਹੋਣ। ਢੁੱਕਵੀਂ, ਸੰਵੇਦਨਸ਼ੀਲ ਭਾਸ਼ਾ ਵਰਤਣ।
- ਚੀਜ਼ਾਂ ਨੂੰ ਸਪਸ਼ਟ ਅਤੇ ਸਟੀਕ ਢੰਗ ਨਾਲ ਸਮਝਾਉਣ।
- ਤੁਹਾਡੀਆਂ ਚਿੰਤਾਵਾਂ ਨੂੰ ਸੁਣਨ ਅਤੇ ਤੁਹਾਡੀਆਂ ਲੋੜਾਂ ਨੂੰ ਪੂਰਾ ਕਰਨ ਲਈ ਆਪਣੀ ਸਰਵੋਤਮ ਕੋਸ਼ਿਸ਼ ਕਰਨ।
- ਤੁਹਾਡੇ ਮਕਾਨ ਅਤੇ ਜਾਇਦਾਦ ਦਾ ਧਿਆਨ ਰੱਖਣ ਅਤੇ ਉਸਦਾ ਸਤਿਕਾਰ ਕਰਨ।
- ਤੁਹਾਨੂੰ ਸਲਾਹ ਦੇ ਸਕਣ ਕਿ ਮਦਦ ਲਈ ਕਿਸਨੂੰ ਸੰਪਰਕ ਕੀਤਾ ਜਾਵੇ।
- ਸੁਰੱਖਿਆ ਅਤੇ ਬਚਾਅ ਬਾਰੇ ਕੋਈ ਸ਼ਿਕਾਇਤ ਕਰਨ ਜਾਂ ਚਿੰਤਾਵਾਂ ਪ੍ਰਗਟਾਉਣ ਲਈ ਤੁਹਾਨੂੰ ਸਹੀ ਟੈਲੀਫ਼ੋਨ ਲੰਬਰ ਦੇ ਸਕਣ।
- ਮੀਟਰ ਵਿੱਚ ਦਖਲ ਦਿੱਤੇ ਜਾਣ ਅਤੇ ਨੁਕਸਾਨ,ਜਾਂ, ਆਮ ਮੁਲਾਕਾਤਾਂ ਦੌਰਾਨ ਤਾੜ ਲਏ ਗਏ ਸੁਰੱਖਿਆ ਮੁੱਦਿਆਂ ਬਾਰੇ ਸੂਚਿਤ ਕਰਨ ਦੇ ਸਾਡੇ ਨਿਯਮਾਂ ਦੀ ਪਾਲਣਾ ਕਰਨ।
- ਇਸ ਇਸ਼ਤਿਹਾਰ ਬਾਰੇ ਜਾਣਦੇ ਹੋਣ ਅਤੇ ਇੱਥੇ ਬਿਆਨ ਕੀਤੀਆਂ ਗਈਆਂ ਉਮੀਦਾਂ 'ਤੇ ਖਰ੍ਹੇ ਉਤਰਨ।

ਜੇ ਸਾਡੇ ਪ੍ਰਤੀਨਿਧੀ ਉਪਰੋਕਤ ਵਿੱਚੋਂ ਕਿਸੇ ਉਦੇਸ਼ ਦੀ ਪਾਲਣਾ ਨਹੀਂ ਕਰਦੇ, ਤਾਂ ਅਸੀਂ ਲੋੜੀਂਦੀ ਕਾਰਵਾਈ ਕਰਾਂਗੇ।

## ਸੰਪਰਕ ਕਰਨਾ

### ਸਾਨੂੰ ਸੰਪਰਕ ਕਿਵੇਂ ਕੀਤਾ ਜਾਵੇ

0800 096 9000* 'ਤੇ ਕਾਲ ਕਰੋ।

ਊਰਜਾ 'ਤੇ ਪ੍ਰਤੀ ਸਾਲ £30k ਨਾਲੋਂ ਘੱਟ ਖਰਚ ਵਾਲੇ ਸਮਾਲ ਮੀਡੀਅਮ ਐਂਟਰਪ੍ਰਾਈਜ਼ (Small Medium Enterprise (SME)) ਗਾਹਕਾਂ ਲਈ, ਕਿਰਪਾ ਕਰਕੇ ਸਾਨੂੰ 0800 096 2255* 'ਤੇ ਮੁਫ਼ਤ ਕਾਲ ਕਰੋ।

ਪ੍ਰਤੀ ਸ੍ਕੂਲ ਊਰਜਾ 'ਤੇ £2m ਨਾਲੋਂ ਘੱਟ ਦੇ ਸਲਾਨਾ ਖਰਚ ਵਾਲੇ ਕਾਰੋਬਾਰੀ ਗਾਹਕ ਕਿਰਪਾ ਕਰਕੇ ਸਾਨੂੰ 0845 366 3664 'ਤੇ ਕਾਲ ਕਰੋ।

ਪ੍ਰਤੀ ਸਾਲ ਊਰਜਾ 'ਤੇ £2m ਨਾਲੋਂ ਵੱਧ ਦੇ ਸਲਾਨਾ ਖਰਚ ਵਾਲੇ ਕਾਰੋਬਾਰੀ ਗਾਹਕ ਕਿਰਪਾ ਕਰਕੇ ਸਾਨੂੰ 0845 366 3661* 'ਤੇ ਕਾਲ ਕਰੋ।

ਜੇ ਤੁਸੀਂ ਸਾਨੂੰ ਲਿਖਣਾ ਚਾਹੋ ਤਾਂ ਕਿਰਪਾ ਕਰਕੇ ਸਾਨੂੰ ਆਪਣੀਆਂ ਚਿੱਠੀਆਂ ਇਸ ਪਤੇ 'ਤੇ ਭੇਜੋ:

Correspondence Manager
EDF Energy plc
FREEPOST 3814
LONDON
WC1V 6AJ
ਤੁਸੀਂ ਸਾਡੀ ਵੈਬਸਾਈਟ ਰਾਹੀਂ ਵੀ ਸਾਨੂੰ ਸੰਪਰਕ ਕਰ ਸਕਦੇ ਹੋ:
www.edfenergy.com

## ਹੋਰ ਤਰੀਕੇ ਜਿਨ੍ਹਾਂ ਨਾਲ ਅਸੀਂ ਮਦਦ ਕਰ ਸਕਦੇ ਹਾਂ

### ਤੁਹਾਡੀਆਂ ਲੋੜਾਂ ਨੂੰ ਪੂਰਾ ਕਰਨਾ

ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਸਾਡੇ ਸਾਰੇ ਗਾਹਕਾਂ ਨਾਲ ਨਿਰਪੱਖ ਢੰਗ ਨਾਲ ਸਲੂਕ ਕੀਤਾ ਜਾਂਦਾ ਹੈ ਅਤੇ ਉਹਨਾਂ ਨੂੰ ਬਿਹਤਰੀਨ ਸੰਭਵ ਸੇਵਾ ਮਿਲਦੀ ਹੈ। ਜੇ ਤੁਹਾਨੂੰ ਇਹ ਕਿਤਾਬਚਾ ਵੱਡੇ ਅੱਖਰਾਂ, ਬ੍ਰੇਲ ਵਿੱਚ, ਜਾਂ ਸੀਡੀ 'ਤੇ ਆਡੀਓ ਸੰਸਕਰਣ ਵਜੋਂ ਚਾਹੀਦਾ ਹੋਵੇ, ਕਿਰਪਾ ਕਰਕੇ ਸਾਡੀ ਪ੍ਰਾਇਓਰਿਟੀ ਸਰਵਿਸਿਜ਼ ਟੀਮ (Priority Services Team) ~ 0800 269 450* 'ਤੇ ਮੁਫ਼ਤ ਕਾਲ ਕਰੋ।

**ਅੰਗਰੇਜ਼ੀ ਨਾ-ਬੋਲਣ ਵਾਲੇ ਗਾਹਕ**

ਜੇ ਅੰਗਰੇਜ਼ੀ ਤੁਹਾਡੀ ਪਹਿਲੀ ਭਾਸ਼ਾ ਨਹੀਂ ਹੈ ਅਤੇ ਤੁਸੀਂ ਕਿਸੇ ਹੋਰ ਭਾਸ਼ਾ ਵਿੱਚ ਜਾਣਕਾਰੀ ਲੈਣੀ ਚਾਹੋ, ਤਾਂ ਕਿਰਪਾ ਕਰਕੇ ਸਾਨੂੰ 0800 096 9000* 'ਤੇ ਮੁਫ਼ਤ ਕਾਲ ਕਰੋ ਅਤੇ ਅਸੀਂ ਤੁਹਾਨੂੰ ਸਾਡੀ ਵਿਸ਼ੇਸ਼ ਭਾਸ਼ਾ ਲਾਈਨ 'ਤੇ ਤਬਦੀਲ ਕਰ ਦਿਆਂਗੇ।

ਐਨਰਜੀ, ਈਡੀਐਫ਼ ਐਨਰਜੀ ਕਸਟਮਰਜ਼ ਪੀਐਲਸੀ (EDF Energy Customers plc) ਵੱਲੋਂ ਵਰਤਿਆ ਜਾਂਦਾ ਵਪਾਰਕ ਨਾਂ ਹੈ, ਰਜਿਸਟ੍ਰਸ਼ਨ ਨੰ: 02228297 ਜਿਸਦਾ ਰਜਿਸਟਰਡ ਦਫ਼ਤਰ 40 Grosvenor Place, London SW1X 7EN ਵਿਖ ਹੈ, ਜੋ ਕਿ ਇੰਗਲੈਂਡ ਅਤ ਵਲਜ਼ ਵਿੱਚ ਸੰਸਥਾਪਤ ਹੈ। ਈਡੀਐਫ ਐਨਰਜੀ ਕਸਟਮਰਜ਼ ਪੀਐਲਸੀ, ਈਡੀਐਫ ਐਨਰਜੀ ਪੀਐਲਸੀ ਦੀ ਸਮੁੱਚ ਰੂਪ ਵਿੱਚ ਮਾਲਕੀ ਵਾਲੀ ਸਹਾਇਕ ਕੰਪਨੀ ਹੈ।ਈਡੀਐਫ ਐਨਰਜੀ ਦ ਸਾਰ ਸਪਲਾਈ ਇਕਰਾਰਨਾਮਿਆਂ ਲਈ ਸਪਲਾਈ ਦੀਆਂ ਫ਼ਰਜ਼ਾਂ ਦੀ ਕਾਰਗੁਜ਼ਾਰੀ ਲਈ ਜ਼ਿੰਮਵਾਰੀ ਈਡੀਐਫ ਐਨਰਜੀ ਕਸਟਮਰਜ਼ ਪੀਐਲਸੀ 'ਤ ਟਿਕੀ ਹੈ।

# ਊਰਜਾ

- ਜਾਣ-ਪਛਾਣ
- ਊਰਜਾ ਦੀ ਬਚਤ ਕਰਨ ਲਈ ਤੁਸੀਂ ਕੀ ਕਰ ਸਕਦੇ ਹੋ?
- ਬਿਨਾਂ ਖਰਚ ਵਾਲੀਆਂ ਤਰਕੀਬਾਂ
- ਘੱਟ ਖਰਚ ਵਾਲੀਆਂ ਤਰਕੀਬਾਂ
- ਊਰਜਾ ਦੀ ਬਚਤ ਕਰਨ ਦੀਆਂ ਹੋਰ ਤਰਕੀਬਾਂ
- ਊਰਜਾ ਦੀ ਬਚਤ ਕਰਨ ਬਾਰੇ ਸਲਾਹ
- ਸਾਡੀ ਊਰਜਾ ਸਮਰੱਥਾ ਹੈਲਪਲਾਈਨ
- ਗ੍ਰਾਂਟ ਪ੍ਰਾਪਤ ਕਰਨਾ
- ਸੁਤੰਤਰ ਸਲਾਹ
- ਹੋਰ ਤਰੀਕੇ ਜਿਨ੍ਹਾਂ ਨਾਲ ਅਸੀਂ ਮਦਦ ਕਰ ਸਕਦੇ ਹਾਂ
- ਜਾਣ-ਪਛਾਣ

ਊਰਜਾ ਸਮਰੱਥਾ ਤੁਹਾਡੇ ਲਈ ਚੰਗੀ ਹੈਅਤੇ ਧਰਤੀ ਗ੍ਰਹਿ ਲਈ ਵੀ ਚੰਗੀ ਹੈ, ਕਿਉਂਕਿ ਇਸਦਾ ਮਤਲਬ ਘਟੇ ਹੋਏ ਬਿੱਲ ਅਤੇ ਗੈਸਾਂ ਦੇ ਘੱਟ ਨਿਕਾਸ।

ਇਹ ਕਿਤਾਬਚਾ ਸਮਝਾਉਂਦਾ ਹੈ ਕਿ ਤੁਸੀਂ ਕਿਸ ਤਰ੍ਹਾਂ ਤੁਹਾਡੇ ਵੱਲੋਂ ਵਰਤੀ ਜਾਣ ਵਾਲੀ ਊਰਜਾ ਦੀ ਮਾਤਰਾ ਨੂੰ ਘਟਾ ਕੇ ਪੈਸੇ ਦੀ ਬਚਤ ਕਰ ਸਕਦੇ ਹੋ। ਇਸਦੇ ਨਾਲ ਹੀ, ਤੁਸੀਂ ਸਾਡੇ ਕੁਝ ਸਰਲ ਜਿਹੇ ਊਰਜਾ ਸਮਰੱਥਾ ਦੇ ਨੁਸਖਿਆਂ 'ਤੇ ਚੱਲ ਕੇ ਆਪਣੇ ਮਕਾਨ ਨੂੰ ਵਧੇਰੇ ਨਿੱਘਾ ਬਣਾ ਸਕਦੇ ਹੋ। ਅਤੇ ਤੁਸੀਂ ਸ਼ਾਇਦ ਆਪਣੇ ਮਕਾਨ ਨੂੰਇਨਸੁਲੇਟ ਕਰਨ ਵਿੱਚ ਮਦਦ ਲਈ ਮੁਫ਼ਤ ਗ੍ਰਾਂਟ ਦੇ ਵੀ ਹੱਕਦਾਰ ਹੋ ਸਕਦੇ ਹੋ (ਵੇਰਵੇ ਪੰਨਾ 14 'ਤੇ ਹਨ)।

ਈਡੀਐਫ਼ ਐਨਰਜੀ ਵਿਖੇ ਅਸੀਂ ਊਰਜਾ ਸਮਰੱਥਾ ਨੂੰ ਗੰਭੀਰਤਾ ਨਾਲ ਲੈਂਦੇ ਹਾਂ ਅਤੇ ਅਸੀਂ ਚਾਹੁੰਦੇ ਹਾਂ ਕਿ ਜਿੱਥੇ ਵੀ ਸੰਭਵ ਹੋਵੇ ਊਰਜਾ ਦੀ ਬਚਤ ਕਰਨ ਵਿੱਚ ਤੁਹਾਡੀ ਮਦਦ ਕੀਤੀ ਜਾਵੇ। ਅਸੀਂ ਉਮੀਦ ਕਰਦੇ ਹਾਂ ਕਿ ਤੁਹਾਨੂੰ ਇਹ ਕਿਤਾਬਚਾ ਉਪਯੋਗੀ ਲੱਗੇਗਾ।

ਊਰਜਾ ਬਚਾਓ, ਪੈਸਾ ਬਚਾਓ ਅਤੇ ਗ੍ਰਹਿ ਨੂੰ ਬਚਾਉਣ ਵਿੱਚ ਮਦਦ ਕਰੋ

ਊਰਜਾ ਦੀ ਬਚਤ ਕਰਨ ਲਈ ਤੁਸੀਂ ਕੀ ਕਰ ਸਕਦੇ ਹੋ?

ਊਰਜਾ ਦੀ ਬਚਤ ਕਰਨਾ

ਊਰਜਾ ਨੂੰ ਕਾਰਗਰ ਢੰਗ ਨਾਲ ਵਰਤਣਾ ਸ਼ੁਰੂ ਕਰਨਾ ਅਸਾਨ ਹੈ। ਬਿਨਾਂ ਕੋਈ ਪੈਸਾ ਖਰਚ ਕੀਤੇ, ਤੁਸੀਂ ਇਸ 'ਤੇ ਕੰਟਰੋਲ ਕਰ ਸਕਦੇ ਹੋ ਅਤੇ ਆਪਣੇ ਬਿੱਲਾਂ ਵਿੱਚ ਕਟੌਤੀ ਕਰਨੀ ਸ਼ੁਰੂ ਕਰ ਸਕਦੇ ਹੋ। ਜਾਂ ਤੁਸੀਂ ਬਹੁਤ ਸਾਰੀ ਬਚਤ ਕਰਨ ਲਈ, ਥੋੜ੍ਹਾ ਜਿਹਾ ਪੈਸਾ ਖਰਚ ਕਰਨ ਦਾ ਫੈਸਲਾ ਕਰ ਸਕਦੇ ਹੋ। ਯਾਦ ਰੱਖੋ, ਘੱਟ ਉਰਜਾ ਦੀ ਵਰਤੋਂ ਕਰਕੇਤੁਸੀਂ ਵਧੇਰੇ ਸਿਹਤਮੰਦ ਚੁਗਿਰਦੇ ਪ੍ਰਤੀ ਯੋਗਦਾਨ ਦੇ ਰਹੇ ਹੋ।

ਬਿਨਾਂ ਖਰਚ ਵਾਲੀਆਂ ਤਰਕੀਬਾਂ

ਉਹ ਤਰਕੀਬਾਂ ਜਿਨ੍ਹਾਂ 'ਤੇ ਤੁਹਾਡਾ ਇੱਕ ਪੈਸਾ ਵੀ ਨਹੀਂ ਲੱਗੇਗਾ

ਹੇਠਾਂ ਦਿੱਤੇ ਸੌਖਿਆਂ ਮੰਨੇ ਜਾਣ ਵਾਲੇ ਨੁਸਖੇ ਤੁਹਾਨੂੰ, ਬਿਨਾਂ ਕੋਈ ਪੈਸਾ ਖਰਚੇ ਊਰਜਾ ਦੀ ਬਚਤ ਕਰਨ ਵਿੱਚ ਮਦਦ ਕਰਨਗੇ:

ਪਰਦੇ

- ਤਾਪ ਨੂੰ ਕਮਰੇ ਵਿੱਚ ਰੱਖਣ ਲਈ ਤਰਕਾਲਾਂ ਵੇਲੇ ਪਰਦੇ ਖਿੱਚ ਦਿਓ।

- ਹੀਟਰਾਂ ਜਾਂ ਰੇਡੀਏਟਰਾਂ ਉੱਪਰ ਪਰਦੇ ਨਾ ਟੰਗੋ ਕਿਉਂਕਿ ਇਸ ਨਾਲ ਤਾਪ ਸਿੱਧਾ ਖਿੜਕੀਆਂ ਵਿੱਚੋਂ ਦੀ ਹੋ ਕੇ ਬਾਹਰ ਨਿਕਲ ਜਾਵੇਗਾ।

ਨਿੱਘਾ ਕਰਨਾ

- ਹੀਟਰਾਂ ਨੂੰ ਖਿੜਕੀਆਂ ਦੇ ਹੇਠਾਂ ਨਾ ਲਗਾਓ ਜਾਂ ਉਹਨਾਂ ਨੂੰ ਪਰਦਿਆਂ ਨਾਲ ਨਾ ਢੱਕੋ, ਕਿਉਂਕਿ ਇਸ ਨਾਲ ਤਾਪ ਦਾ ਨੁਕਸਾਨ ਹੁੰਦਾ ਹੈ ਅਤੇ ਇਹ ਅਸੁਰੱਖਿਅਤ ਹੋ ਸਕਦਾ ਹੈ।
- ਕਿਸੇ ਬਹੁਤ ਹੀ ਗਰਮ ਕਮਰੇ ਨੂੰ ਠੰਡਾ ਕਰਨ ਲਈ ਦਰਵਾਜ਼ੇ ਅਤੇਖਿੜਕੀਆਂ ਖੋਲ੍ਹਣ ਤੋਂ ਪਰਹੇਜ਼ ਕਰੋ। ਇਸਦੀ ਬਜਾਏ ਹੀਟਿੰਗ ਨੂੰ ਘੱਟ ਕਰ ਦਿਓ।
- ਜੇ ਤੁਸੀਂ ਥਰਮੋਸਟੇਟ ਦੇ ਤਾਪਮਾਨ ਨੂੰ ਸਿਰਫ 1°C ਤੱਕ ਹੀ ਹੇਠਾਂ ਲਿਆਉਂਦੇ ਹੋ, ਤਾਂ ਤੁਸੀਂ ਆਪਣੇ ਘਰ ਨੂੰ ਨਿੱਘਾ ਕਰਨ ਦੇ ਬਿੱਲ ਵਿੱਚ

10%^ ਤੱਕ ਦੀ ਬਚਤ ਕਰ ਸਕਦੇ ਹੋ।

- ਆਪਣੇ ਘਰ ਨੂੰ ਹਰ ਰੋਜ਼ ਇੱਕ ਘੰਟੇ ਲਈ ਘੱਟ ਨਿੱਘਾ ਕਰਕੇ ਤੁਸੀਂ ਹੋਰ ਵੀ ਵਧੇਰੇ ਬਚਤ ਕਰ ਸਕਦੇ ਹੋ। ਪਰ ਧਿਆਨ ਰੱਖੋ ਕਿ ਤੁਸੀਂ ਤਾਪਮਾਨ ਨੂੰ ਬਹੁਤਾ ਜ਼ਿਆਦਾ ਵੀ ਨਾ ਦਿਓ: ਬੀਮਾਰ, ਨੌਜਵਾਨ ਜਾਂ ਸਿਆਣੀ ਉਮਰ ਦੇ ਲੋਕਾਂ ਦੀ ਸਿਹਤ ਨੂੰ ਜੋਖਮ ਵਿੱਚ ਨਾ ਪਾਓ।

ਬਿਨਾਂ ਖਰਚ ਵਾਲੀਆਂ ਤਰਕੀਬਾਂ

ਪਾਣੀ ਗਰਮ ਕਰਨਾ

- ਯਾਦ ਰੱਖੋ ਕਿ ਤੁਹਾਡੇ ਪਾਣੀ ਦੇ ਹੀਟਰ 'ਤੇ ਥਰਮੋਸਟੇਟ ਦਾ ਤਾਪਮਾਨ ਬਹੁਤਾ ਜ਼ਿਆਦਾ ਨਾ ਰੱਖਿਆ ਹੋਵੇ। 60°C/140°F ਆਮ ਤੌਰ 'ਤੇ ਬਥੇਰਾ ਹੁੰਦਾ ਹੈ।
- ਜੇ ਤੁਹਾਡੇ ਕੋਲ ਸ਼ਾਵਰ ਹੈ ਤਾਂ ਇਸ ਦੀ ਵਰਤੋਂ ਕਰੋ, ਇਸ ਨਾਲ ਤੁਸੀਂ ਸਮੇਂ, ਪੈਸੇ ਅਤੇ ਪਾਣੀ ਦੀ ਬਚਤ ਕਰੋਗੇ। ਧਿਆਨ ਰੱਖੋ ਕਿ ਬਿਜਲੀ ਨਾਲ ਚੱਲਣ ਵਾਲੇ ਸ਼ਾਵਰ ਹੋਰਨਾਂ ਕਿਸਮਾਂ ਦੇ ਸ਼ਾਵਰਾਂ ਨਾਲੋਂ ਵਧੇਰੇ ਪਾਣੀ ਦੀ ਵਰਤੋਂ ਕਰ ਸਕਦੇ ਹਨ।

ਟੀਵੀ ਅਤੇ ਸਟੀਰੀਓ

- ਆਪਣੇ ਟੈਲੀਵਿਜ਼ਨ ਅਤੇ ਹੋਰਨਾਂ ਉਪਕਰਣਾਂ ਨੂੰ ਸਟੈਂਡਬਾਏ 'ਤੇ ਜਾਂ ਬਿਨਾਂ ਲੋੜ ਚਾਰਜ ਹੁੰਦੇ ਹੋਏ ਨਾ ਛੱਡ ਦਿਓ।

ਫਰਿੱਜ ਅਤੇ ਫ੍ਰੀਜ਼ਰ

- ਫਰਿੱਜਾਂ ਅਤੇ ਫ੍ਰੀਜ਼ਰਾਂ ਨੂੰ ਨਿਯਮਤ ਤੌਰ 'ਤੇ ਡੀਫ੍ਰੋਸਟਕਰੋ ਤਾਂ ਕਿ ਉਹ ਕਾਰਗਰ ਢੰਗ ਨਾਲ ਚਲਦੇ ਰਹਿਣ।
- ਫਰਿੱਜ ਵਿੱਚ ਕੋਈ ਗਰਮ ਜਾਂ ਨਿੱਘੀ ਚੀਜ਼ ਸਿੱਧਾ ਈ ਨਾ ਰੱਖ ਦਿਓ – ਇਸਨੂੰ ਪਹਿਲਾਂ ਠੰਡੀ ਹੋਣ ਦਿਓ।
- ਜਿੱਥੇ ਵੀ ਸੰਭਵ ਹੋਵੇ, ਆਪਣੇ ਫਰਿੱਜ ਜਾਂ ਫ੍ਰੀਜ਼ਰ ਨੂੰ ਆਪਣੇ ਓਵਨ ਤੋਂ ਦੂਰ ਰੱਖੋ।
- ਹਮੇਸ਼ਾਂ ਜਿੰਨੀ ਛੇਤੀ ਹੋ ਸਕੇ ਆਪਣੇ ਫਰਿੱਜ ਜਾਂ ਫ੍ਰੀਜ਼ਰ ਦਾ ਦਰਵਾਜ਼ਾ ਬੰਦ ਕਰ ਦਿਓ।

ਰੋਸ਼ਨੀ ਕਰਨਾ

- ਜਦੋਂ ਕਮਰੇ ਵਿੱਚ ਕੋਈ ਨਾ ਹੋਵੇ ਤਾਂ ਬੱਤੀਆਂ ਬੰਦ ਕਰ ਦਿਓ।

ਬਿਨਾਂ ਖਰਚ ਵਾਲੀਆਂ ਤਰਕੀਬਾਂ

ਘਰ ਦੇ ਕਪੜੇ ਧੋਣਾ

- ਜਿੱਥੇ ਵੀ ਸੰਭਵ ਹੋਵੇ, ਕਪੜੇ ਧੋਣ ਵਾਲੀ ਮਸ਼ੀਨ ਦੀ ਵਰਤੋਂ ਕਰਨ ਤੋਂ ਪਹਿਲਾਂ ਉਦੋਂ ਤੱਕ ਉਡੀਕ ਕਰੋ ਜਦੋਂ ਤੱਕ ਤੁਹਾਡੇ ਕੋਲ ਉਸ ਵਿੱਚ ਪਾਉਣ ਲਈ ਕਪੜਿਆਂ ਦਾ ਪੂਰਾ ਲੋਡ ਨਾ ਹੋਵੇ।
- ਜਾਂ ਫੇਰ, ਅੱਧਾ-ਲੋਡ ਜਾਂ ਇਕਾਨਮੀ ਪ੍ਰੋਗਰਾਮ ਦੀ ਵਰਤੋਂ ਕਰੋ, ਜੇ ਇਹ ਸਹੂਲਤ ਤੁਹਾਡੀ ਮਸ਼ੀਨ ਵਿੱਚ ਹੋਵੇ।
- ਜਿੱਥੇ ਵੀ ਸੰਭਵ ਹੋਵੇ, ਕਪੜਿਆਂ ਨੂੰ ਸੁਕਾਉਣ ਲਈ ਟੰਬਲ ਡ੍ਰਾਇਰ ਵਿੱਚ ਸੁਕਾਉਣ ਦੀ ਬਜਾਏ ਤਾਰ 'ਤੇ ਸੁੱਕਣੇ ਪਾਓ ਜਾਂ ਏਅਰਰ ਦੀ ਵਰਤੋਂ ਕਰੋ।
- ਕਪੜੇ ਪ੍ਰੈਸ ਕਰਨ ਲਈ ਪਹਿਲਾਂ ਤੋਂ ਵਿਉਂਤ ਬਣਾ ਲਓ ਤਾਂ ਕਿ ਜਿਹਨਾਂ ਕਪੜਿਆਂ ਨੂੰ ਮੁਕਾਬਲਤਨ ਘੱਟ ਤਾਪਮਾਨ ਦੀ ਲੋੜ ਹੋਵੇ ਉਹਨਾਂ ਨੂੰ ਪਹਿਲਾਂ ਪ੍ਰੈਸ ਕਰ ਲਿਆ ਜਾਵੇ।

ਬਿਨਾਂ ਖਰਚ ਵਾਲੀਆਂ ਤਰਕੀਬਾਂ

ਕੰਪਿਊਟਰ

- ਸਕ੍ਰੀਨ ਸੇਵਰ ਸਿਰਫ਼ ਤੁਹਾਡੇ ਮੋਨੀਟਰ ਦੇ ਜੀਵਨਕਾਲ ਦੀ ਰੱਖਿਆ ਕਰਦੇ ਹਨ। ਜਦੋਂ ਤੱਕ ਸਕ੍ਰੀਨ ਸੇਵਰ ਮੋਨੀਟਰ ਨੂੰ ਬੰਦ ਨਾ ਕਰ ਦਿੰਦਾ ਹੋਵੇ, ਇਹ ਊਰਜਾ ਦੀ ਬਚਤ ਨਹੀਂ ਕਰੇਗਾ।

ਇਸ ਲਈ ਜਦੋਂ ਕੰਪਿਊਟਰ ਵਰਤੋਂ ਵਿੱਚ ਨਾ ਹੋਵੇ ਤਾਂ ਇਸਨੂੰ ਯਾਦ ਨਾਲ ਬੰਦ ਕਰ ਦਿਓ।

ਡਿਸ਼ਵਾਸ਼ਰ

- ਘੱਟ ਤਾਪਮਾਨ ਜਾਂ ਇਕਾਨਮੀ ਪ੍ਰੋਗਰਾਮ ਦੀ ਵਰਤੋਂ ਕਰੋ ਬਸ਼ਰਤੇ ਤੁਹਾਡੇ ਭਾਂਡੇ ਬਹੁਤ ਹੀ ਗੰਦੇ ਹੋਣ।

ਖਾਣਾ ਪਕਾਉਣਾ

- ਖ਼ ਟੋਸਟ ਬਣਾਉਣ ਲਈ ਗ੍ਰਿਲ ਦੀ ਬਜਾਏ ਟੋਸਟਰ ਦੀ ਵਰਤੋਂ ਕਰੋ।
- ਭੋਜਨ ਲਈ ਸਹੀ ਅਕਾਰ ਦਾ ਭਾਂਡਾ ਅਤੇ ਚੁੱਲ੍ਹੇ ਦਾ ਰਿੰਗ ਵਰਤੋ।
- ਸੌਸਪੈਨ (ਹੱਥੀ ਵਾਲਾ ਪਤੀਲਾ) 'ਤੇ ਢੱਕਣ ਲਗਾ ਕੇ ਰੱਖੋ ਅਤੇ ਤਾਪ ਨੂੰ ਘਟਾ ਦਿਓ।
- ਲੋੜ ਨਾਲੋਂ ਵੱਧ ਪਾਣੀ ਦੀ ਵਰਤੋਂ ਨਾ ਕਰੋ।
- ਖ਼ ਖਾਣਾ ਪਕਾਉਣ ਲਈ ਪਾਣੀ ਉਬਾਲਣ ਵਾਸਤੇ ਕੇਤਲੀ ਦੀ ਵਰਤੋਂ ਕਰੋ।
- ਜਿੱਥੇ ਵੀ ਸੰਭਵ ਹੋਵੇ, ਡਿਸ਼ਵਾਸ਼ਰ ਦੀ ਵਰਤੋਂ ਕਰਨ ਤੋਂ ਪਹਿਲਾਂ ਉਦੋਂ ਤੱਕ ਉਡੀਕ ਕਰੋ ਜਦੋਂ ਤੱਕ ਤੁਹਾਡੇ ਕੋਲ ਉਸ ਵਿੱਚ ਪਾਉਣ ਲਈ ਭਾਂਡਿਆਂ ਦਾ ਪੂਰਾ ਲੋਡ ਨਾ ਹੋਵੇ।
- ਖ਼ ਉਨਾ ਹੀ ਪਾਣੀ ਉਬਾਲੋ ਜਿੰਨਾ ਤੁਹਾਨੂੰ ਚਾਹੀਦਾ ਹੋਵੇ – ਪਰ ਜੇ ਤੁਸੀਂ ਬਿਜਲੀ ਵਾਲੀ ਕੇਤਲੀ ਦੀ ਵਰਤੋਂ ਕਰ ਰਹੇ ਹੋ ਤਾਂ ਯਾਦ ਨਾਲ ਐਲੀਮੈਂਟ ਨੂੰ ਜ਼ਰੂਰ ਢੱਕੋ।

ਘੱਟ ਖਰਚ ਵਾਲੀਆਂ ਤਰਕੀਬਾਂ

ਉਹ ਤਰਕੀਬਾਂ ਜਿਹਨਾਂ 'ਤੇ ਸ਼ਾਇਦ ਥੋੜ੍ਹਾ ਖਰਚਾ ਆ ਸਕਦਾ ਹੈ

ਹੇਠਾਂ ਦਿੱਤੇ ਨੁਸਖਿਆਂ 'ਤੇ ਥੋੜ੍ਹਾ ਖਰਚਾ ਆ ਸਕਦਾ ਹੈ, ਪਰ ਇਹ ਤੁਹਾਡੇ ਊਰਜਾ ਦੇ ਬਿੱਲਾਂ 'ਤੇ ਮਹੱਤਵਪੂਰਨ ਰੂਪ ਵਿੱਚ ਬਚਤ ਕਰਨ  ਵਿੱਚ ਤੁਹਾਡੀ ਮਦਦ ਕਰ ਸਕਦੇ ਹਨ:

ਗਰਮ ਕਰਨਾ

- ਆਪਣੇ ਰੇਡੀਏਟਰਾਂ ਦੇ ਪਿੱਛੇ ਰਿਫਲੈਕਟਿਵ ਕੁਆਇਲ ਭਾਵ ਤਾਪ ਨੂੰ ਵਾਪਸ ਸੁੱਟਣ ਵਾਲੀ ਤਾਰ (ਚਮਕਦਾਰ ਪਾਸਾ ਰੇਡੀਏਟਰ ਵੱਲ) ਲਗਾ ਦਿਓ। ਇਹ ਗਰਮੀ ਨੂੰ ਅੰਦਰ ਹੀ ਰੱਖਣ ਵਿੱਚ ਮਦਦ ਕਰਦੀ ਹੈ।

ਰੌਸ਼ਨੀ

- ਊਰਜਾ ਦੀ ਬਚਤ ਕਰਨ ਵਾਲੇ ਬਲਬਾਂ ਦੀ ਵਰਤੋਂ ਕਰੋ।

ਪਾਣੀ

- ਜੇ ਤੁਹਾਡਾ ਨਲਕਾ ਚੋਂਦਾ ਹੈ, ਤਾਂ ਯਕੀਨੀ ਬਣਾਓ ਕਿ ਇਸਦੀ ਮੁਰੰਮਤ ਕਰ ਦਿੱਤੀ ਜਾਵੇ: ਬੱਸ ਇੱਕ ਹੀ ਦਿਨ ਵਿੱਚ ਚੋਂਦਾ ਹੋਇਆ ਨਲਕਾ ਐਨਾ ਗਰਮ ਪਾਣੀ ਬਰਬਾਦ ਕਰ ਸਕਦਾ ਹੈ ਜਿਸ ਨਾਲ ਬਾਥ ਨੂੰ ਭਰਿਆ ਜਾ ਸਕਦਾ ਹੋਵੇ।

ਇਨਸੁਲੇਸ਼ਨ

- ਆਪਣੇ ਗਰਮ ਪਾਣੀ ਵਾਲੇ ਟੈਂਕ ਵਿੱਚ ਇੱਕ ਲੈਗਿੰਗ ਜੈਕੇਟ (lagging jacket) ਲਗਵਾਓ ਅਤੇ ਆਪਣੇ ਗਰਮ ਪਾਣੀ ਵਾਲੇ ਪਾਈਪਾਂ ਨੂੰ ਇਨਸੁਲੇਟ ਕਰਵਾਓ।
- ਪ੍ਰਵਾਨਤ ਬ੍ਰਿਟਿਸ਼ ਮਿਆਰਾਂ ਵਾਲੀ ਲੈਗਿੰਗ ਜੈਕੇਟ ਖਰੀਦਣਾ ਯਾਦ ਰੱਖੋ।
- ਖਿੜਕੀਆਂ ਅਤੇ ਬਾਹਰੀ ਦਰਵਾਜ਼ਿਆਂ ਦੇ ਆਲੇ ਦੁਆਲੇ ਡਰਾਫਟ ਪੱਟੀਆਂ (draught strips) ਲਗਾਓ ਅਤੇ ਚਿੱਠੀ ਵਾਲੇ ਬਕਸੇ 'ਤੇ ਲਟਕਦਾ ਹੋਇਆ ਢੱਕਣ ਲਗਾਓ।

ਊਰਜਾ ਦੀ ਬਚਤ ਕਰਨ ਦੀਆਂ ਹੋਰ ਤਰਕੀਬਾਂ

ਸੁਧਾਰ ਜਿਨ੍ਹਾਂ ਦੀ ਲਾਗਤ ਵੱਧ ਹੁੰਦੀ ਹੈ ਅਤੇ ਜੋ ਬਚਤ ਵੀ ਵੱਧ ਕਰਦੇ ਹਨ

ਹੇਠਾਂ ਦਿੱਤੇ ਨੁਸਖਿਆਂ 'ਤੇ ਖਰਚਾ ਮੁਕਾਬਲਤਨ ਵਧੇਰੇ ਆਉਂਦਾ ਹੈ, ਪਰ ਉਹ ਤੁਹਾਨੂੰ ਵਧੇਰੇ ਬਚਤ ਕਰਨ ਵਿੱਚ ਵੀ ਮਦਦ ਕਰਨਗੇ। ਇੱਥੋਂ ਤੱਕ ਕਿ ਇਹ ਤੁਹਾਡੇ ਮਕਾਨ ਦੀ ਕੀਮਤ ਵਿੱਚ ਵੀ ਵਾਧਾ ਕਰ ਸਕਦੇ ਹਨ:

ਨਿੱਘਾ ਕਰਨਾ

- ਥਰਮੋਸਟੈਟਿਕ ਰੇਡੀਏਟਰ ਵਾਲਵ ਤੁਹਾਨੂੰ ਆਪਣੇ ਹਰ ਕਮਰੇ ਦਾ ਤਾਪਮਾਨ ਵੱਖ-ਵੱਖ ਰੱਖਣ ਦੀ ਸਹੂਲਤ ਦਿੰਦੇ ਹਨ ਅਤੇ ਤੁਹਾਡੇ ਘਰ ਨੂੰ ਨਿੱਘਾ ਕਰਨ ਦੇ ਬਿੱਲਾਂ ਨੂੰ ਕਟੌਤੀ ਕਰ ਸਕਦੇ ਹਨ। ਸੈਂਟਰਲ ਹੀਟਿੰਗ ਸਿਸਟਮ (ਘਰ ਨੂੰ ਨਿੱਘਾ ਕਰਨ ਦਾ ਕੇਂਦਰੀ ਢਾਂਚਾ) ਵਿੱਚੋਂ ਪਾਣੀ ਨੂੰ ਲੰਘਣ ਦੇਣ ਲਈ, ਤੁਹਾਨੂੰ ਹਰ ਸਮੇਂ ਘੱਟੋ-ਘੱਟ ਇੱਕ ਰੇਡੀਏਟਰ ਖੁੱਲ੍ਹਾ ਛੱਡਣਾ ਪਏਗਾ।
- ਕੀ ਤੁਸੀਂ ਆਪਣੇ ਘਰ ਨੂੰ ਮੁਖ ਤੌਰ 'ਤੇ ਬਾਰ ਫਾਇਰ, ਕਨਵੈਕਟਰ ਜਾਂ ਪੱਖੇ ਵਾਲੇ ਹੀਟਰਾਂ ਨਾਲ ਨਿੱਘਾ ਕਰਦੇ ਹੋ?

ਇਹ ਸਾਰੇ ਘਰ ਨੂੰ ਨਿੱਘਾ ਕਰਨ ਦੇ ਹੋਰ ਸਾਧਨਾਂ ਦੇ ਮੁਕਾਬਲੇ ਚੱਲਣ ਵਿੱਚ ਮਹਿੰਗੇ ਹੁੰਦੇ ਹਨ। ਜੇ ਸੰਭਵ ਹੋਵੇ ਤਾਂ, ਇਹਨਾਂ ਦੀ ਬਜਾਏ ਸਟੋਰੇਜ ਹੀਟਿੰਗ ਜਾਂ ਗੈਸ ਰਾਹੀਂ ਸੈਂਟਰਲ ਹੀਟਿੰਗ ਦੀ ਵਰਤੋਂ ਕਰਨ ਬਾਰੇ ਸੋਚੋ। ਇਹ ਤੁਹਾਨੂੰ ਅਰਾਮ ਨੂੰ ਮੁਕਾਬਲਤਨ ਘੱਟ ਲਾਗਤ 'ਤੇ ਬਿਹਤਰ ਬਣਾ ਸਕਦੇ ਹਨ – ਖਾਸ ਕਰਕੇ ਜੇ ਤੁਹਾਡਾ ਮਕਾਨ ਚੰਗੀ ਤਰ੍ਹਾਂ ਇਨਸੁਲੇਟ ਕੀਤਾ ਹੋਵੇ।

- ਜੇ ਤੁਹਾਡਾ ਬੁਆਇਲਰ 15 ਸਾਲ ਨਾਲੋਂ ਵੱਧ ਪੁਰਾਣਾ ਹੈ ਜਾਂ ਭਰੋਸੇਯੋਗ ਨਹੀਂ ਹੈ, ਤਾਂ ਇਸਨੂੰ ਕਿਸੇ ਅਜਿਹੇ ਬੁਆਇਲਰ ਨਾਲ ਬਦਲ ਦਿਓ ਜੋ ਆਧੁਨਿਕ, ਊਰਜਾ ਸਮਰੱਥ ਅਤੇ ਸਹੀ ਅਕਾਰ ਦਾ ਹੋਵੇ। ਕੰਡੈਂਸਿੰਗ ਬੁਆਇਲਰ (Condensing boilers) ਸਭ ਤੋਂ ਵੱਧ ਕਾਰਗਰ ਹੁੰਦੇ ਹਨ, ਇਹਨਾਂ ਦੀ ਮੌਸਮ ਦੇ ਹਿਸਾਬ ਨਾਲ ਔਸਤਨ ਸਮਰੱਥਾ 90%^ ਤੱਕ ਹੁੰਦੀ ਹੈ, ਜੋ ਕਿ ਤੁਹਾਡੇ ਫਿਊਲ ਭਾਵ ਬਾਲਣ ਦੇ ਬਿੱਲ

ਵਿੱਚ ਇੱਕ ਤਿਹਾਈ ਤੱਕ ਕਟੌਤੀ ਕਰ ਸਕਦੀ ਹੈ।

ਊਰਜਾ ਦੀ ਬਚਤ ਕਰਨ ਦੀਆਂ ਹੋਰ ਤਰਕੀਬਾਂ

ਮਮਟੀ ਦੀ ਇਨਸੁਲੇਸ਼ਨ

- ਛੱਤ ਵਾਲੀ ਜਗ੍ਹਾ ਨੂੰ 270ਮਿ.ਮੀ. ਮੋਟੇ ਕੱਚ ਦੇ ਫਾਈਬਰ ਜਾਂ ਮਿਨਰਲ ਵੂਲ ਨਾਲ ਇਨਸੁਲੇਟ ਕਰਵਾਓ। ਪੱਧਰੀਆਂ ਛੱਤਾਂਅਤੇ ਮਮਟੀ ਦੇ ਤਬਾਦਲਿਆਂ ਲਈ ਤੁਹਾਨੂੰ ਪੇਸ਼ੇਵਰ ਸਲਾਹ ਦੀ ਲੋੜ ਪਏਗੀ।

ਖਰਚਾ: DIY (ਆਪਣੇ ਆਪ ਕਰਨ) ਲਈ £180, ਜਾਂ ਜੇ ਕੋਈ ਪੇਸ਼ੇਵਰ ਸਥਾਪਤ ਕਰੇ ਤਾਂ £500 (ਪਰ ਗ੍ਰਾਂਟਾਂ ਉਪਲਬਧ ਹਨ)।
ਬਚਤ: ਸਾਲ ਵਿੱਚ £110^ ਤੱਕ।

ਕਿਰਪਾ ਕਰਕੇ ਵਧੇਰੇ ਜਾਣਕਾਰੀ ਲਈ ਸਾਨੂੰ **0800 096 9966*** 'ਤੇ ਮੁਫ਼ਤ ਕਾਲ ਕਰੋ।

ਊਰਜਾ ਦੀ ਬਚਤ ਕਰਨ ਦੀਆਂ ਹੋਰ ਤਰਕੀਬਾਂ

ਕੈਵਿਟੀ ਦੀਵਾਰ ਦੀ ਇਨਸੁਲੇਸ਼ਨ

- ਕੈਵਿਟੀ ਦੀਵਾਰਾਂ ਵਿੱਚ ਇਨਸੁਲੇਸ਼ਨ ਪਾਈ ਜਾ ਸਕਦੀ ਹੈ, ਪਰ ਇਹ ਕੰਮ ਹਮੇਸ਼ਾਂ ਕਿਸੇ ਯੋਗਤਾਪ੍ਰਾਪਤ ਇੰਸਟਾਲਰ ਵੱਲੋਂ ਹੀ ਕੀਤਾ ਜਾਣਾ ਚਾਹੀਦਾ ਹੈ। ਜੇ ਤੁਸੀਂ ਕਿਰਾਏ ਦੀ ਰਿਹਾਇਸ਼ ਵਿੱਚ ਰਹਿੰਦੇ ਹੋ, ਤਾਂ ਤੁਹਾਨੂੰ ਇਹ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਮਕਾਨ-ਮਾਲਕ ਤੋਂਆਗਿਆ ਲੈ ਲੈਣੀ ਚਾਹੀਦੀ ਹੈ।

ਖਰਚਾ: ਲਗਭਗ £500 (ਪਰ ਗ੍ਰਾਂਟਾਂ ਉਪਲਬਧ ਹਨ)।
ਬਚਤ: ਲਗਭਗ £90^ ਪ੍ਰਤੀ ਸਾਲ।

ਇਹ ਵੀ ਦੇਖ ਲੈਣਾ ਚੰਗਾ ਰਹਿੰਦਾ ਹੈ ਕਿ ਕੀ ਤੁਸੀਂ ਮੁਫ਼ਤ ਇਨਸੁਲੇਸ਼ਨ ਉਪਾਆਂ ਲਈ ਯੋਗਤਾ ਹਾਸਲ ਕਰਦੇ ਹੋ ਜਾਂ ਨਹੀਂ।

ਕਿਰਪਾ ਕਰਕੇ ਵਧੇਰੇ ਜਾਣਕਾਰੀ ਲਈ ਸਾਨੂੰ **0800 096 9966*** 'ਤੇ ਮੁਫ਼ਤ ਕਾਲ ਕਰੋ।

ਊਰਜਾ ਦੀ ਬਚਤ ਕਰਨ ਬਾਰੇ ਸਲਾਹ

ਘਰ ਦੀ ਊਰਜਾ ਬਾਰੇ ਮੁਫ਼ਤ ਸਰਵੇਖਣ

ਕਿਉਂ ਨਾ ਘਰ ਦੀ ਊਰਜਾ ਬਾਰੇ ਸਾਡੇ ਮੁਫ਼ਤ ਸਰਵੇਖਣ (Home Energy Survey) ਦਾ ਲਾਭ ਉਠਾਇਆ ਜਾਵੇ? ਅਸੀਂ ਤੁਹਾਡੇ ਲਈ ਇਹ ਸਰਵੇਖਣ ਫ਼ੋਨ 'ਤੇ ਜਾਂ ਕਿਸੇ ਲਿਖਤੀ ਰਿਪੋਰਟ ਵਿੱਚ ਕਰ ਸਕਦੇ ਹਾਂ। ਸਰਵੇਖਣ ਖਾਸ ਕਰਕੇ ਤੁਹਾਡੇ ਘਰ ਲਈ ਊਰਜਾ ਦੀ ਬਚਤ ਕਰਨ ਦੇ ਕਾਰਗਰ ਉਪਾਆਂ ਦੀ ਸਲਾਹ ਦੇਵੇਗਾ ਅਤੇ ਦਿਖਾਏਗਾ ਕਿ ਤੁਸੀਂ ਆਪਣੇ ਬਿੱਲਾਂ ਵਿੱਚ ਕਿਸ ਤਰ੍ਹਾਂ ਬਚਤ ਕਰ ਸਕਦੇ ਹੋ।
ਆਪਣਾ ਸਰਵੇਖਣ ਕਰਾਉਣ ਲਈ **0800 096 9966*** 'ਤੇ ਮੁਫ਼ਤ ਕਾਲ ਕਰੋ। ਲਾਈਨਾਂ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰੇ 8.00 ਵਜੇ – ਰਾਤ 8.00 ਵਜੇ ਤੱਕ ਅਤੇ ਸ਼ਨੀਵਾਰ ਨੂੰ ਸਵੇਰੇ 8.30 ਵਜੇ – ਦੁਪਹਿਰ 2ਵਜੇ ਤੱਕ ਖੁੱਲ੍ਹੀਆਂ ਹੁੰਦੀਆਂ ਹਨ।

ਸਾਡੀ ਊਰਜਾ ਸਮਰੱਥਾ ਹੈਲਪਲਾਈਨ

ਮੁਫ਼ਤ ਨੁਸਖਿਆਂ ਲਈ ਹੁਣੇ ਹੀ ਕਾਲ ਕਰੋ

ਸਾਡੇ ਸਮਰਪਿਤ ਸਲਾਹਕਾਰ ਤੁਹਾਨੂੰ ਇਸ ਵਿਸ਼ੇ 'ਤੇ ਸਲਾਹ ਅਤੇ ਨੁਸਖੇ ਪ੍ਰਦਾਨ ਕਰ ਸਕਦੇ ਹਨ ਕਿ ਊਰਜਾ ਸਮਰੱਥਾ ਦੇ ਉਪਾਆਂ ਨੂੰ ਕਿਵੇਂ ਲਾਗੂ ਕੀਤਾ ਜਾਵੇ। ਕਿਰਪਾ ਕਰਕੇ ਸਾਨੂੰ **0800 096 9966*** 'ਤੇ ਮੁਫ਼ਤ ਕਾਲ ਕਰੋ। ਲਾਈਨਾਂ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰੇ 8.00 ਵਜੇ – ਰਾਤ 8.00 ਵਜੇ ਤੱਕ ਅਤੇ ਸ਼ਨੀਵਾਰ ਨੂੰ ਸਵੇਰੇ 8.30 ਵਜੇ – ਦੁਪਹਿਰ 2 ਵਜੇ ਤੱਕ ਖੁੱਲ੍ਹੀਆਂ ਹੁੰਦੀਆਂ ਹਨ।

ਗ੍ਰਾਂਟ ਪ੍ਰਾਪਤ ਕਰਨਾ

ਊਰਜਾ ਸਮਰੱਥਾ ਵਿੱਚ ਸੁਧਾਰਾਂ ਲਈ ਗ੍ਰਾਂਟਾਂ ਕਿਵੇਂ ਪ੍ਰਾਪਤ ਕੀਤੀਆਂ ਜਾਣ

ਸਾਡਾ ਈਈਸੀ ਪ੍ਰੋਗਰਾਮ

ਹੋ ਸਕਦਾ ਹੈ ਕਿ ਤੁਸੀਂ ਸਾਡੇ ਊਰਜਾ ਸਮਰੱਥਾ ਵਚਨਬੱਧਤਾ ਪ੍ਰੋਗਰਾਮ (Energy Efficiency Commitment (EEC)) ਤਹਿਤ ਆਪਣੇ ਘਰ ਵਿੱਚ ਊਰਜਾ ਸਮਰੱਥਾ ਦੇ ਉਪਾਆਂ ਲਈ ਭੁਗਤਾਨ ਕਰਨ ਵਾਸਤੇ ਗ੍ਰਾਂਟ ਪ੍ਰਾਪਤ ਕਰਨ ਦੇ ਯੋਗ ਹੋਵੋ। ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਸਾਨੂੰ **0800 096 9966*** 'ਤੇਮੁਫ਼ਤ ਕਾਲ ਕਰੋ। ਲਾਈਨਾਂ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰੇ 8.00 ਵਜੇ – ਰਾਤ 8.00 ਵਜੇ ਤੱਕ ਅਤੇ ਸ਼ਨੀਵਾਰ ਨੂੰ ਸਵੇਰੇ 8.30 ਵਜੇ – ਦੁਪਹਿਰ 2 ਵਜੇ ਤੱਕ ਖੁੱਲ੍ਹੀਆਂ ਹੁੰਦੀਆਂ ਹਨ।

'ਵਾਰਮ ਫਰੰਟ **('WarmFront')** ਸਕੀਮ

ਜੇ ਤੁਹਾਨੂੰ ਕੋਈ ਆਮਦਨ ਨਾਲ ਸਬੰਧਤ ਸਰਕਾਰੀ ਭੱਤੇ ਮਿਲਦੇ ਹਨ, ਤਾਂ ਤੁਸੀਂ ਆਪਣੇ ਘਰ ਨੂੰ ਇਨਸੁਲੇਟ ਕਰਨ ਲਈ ਭੁਗਤਾਨ ਕਰਨ ਵਿੱਚ ਮਦਦ ਲਈ ਸ਼ਾਇਦ ਸਰਕਾਰੀ ਸਹਾਇਤਾ ਪ੍ਰਾਪਤ 'ਵਾਰਮ ਫਰੰਟ' ਸਕੀਮ ਗ੍ਰਾਂਟ ਦੇ ਲਈ ਯੋਗ ਹੋ ਸਕਦੇ ਹੋ। ਇਹ ਹਰ ਸਥਿਤੀ ਵਿੱਚ ਉਪਲਬਧ ਹੈ ਭਾਵੇਂ ਤੁਹਾਡੇ ਕੋਲ ਆਪਣਾ ਘਰ ਹੋਵੇ ਜਾਂ ਕਿਸੇ ਪ੍ਰਾਈਵੇਟ ਮਕਾਨ-ਮਾਲਕ ਤੋਂ ਘਰ ਕਿਰਾਏ 'ਤੇ ਲਿਆ ਹੋਵੇ। ਤੁਸੀਂ ਹੀਟਿੰਗ ਸਿਸਟਮ (ਘਰ ਨੂੰ ਗਰਮ ਕਰਨ ਵਾਲੀ ਪ੍ਰਣਾਲੀ) ਨੂੰ ਲਗਵਾਉਣ ਲਈ ਵੀ ਗ੍ਰਾਂਟ ਪ੍ਰਾਪਤਕਰਨ ਦੇ ਯੋਗ ਹੋ ਸਕਦੇ ਹੋ। ਹੋਰ ਜਾਣਕਾਰੀ ਲਈ
**0800 316 6011*** 'ਤੇ ਮੁਫ਼ਤ ਕਾਲ ਕਰੋ।

ਸੁਤੰਤਰ ਸਲਾਹ

ਹੋਰ ਸਹਾਇਤਾ ਮੰਗਣਾ

ਹੋਰ ਕੌਣ ਮਦਦ ਕਰ ਸਕਦਾ ਹੈ?

ਹੇਠਾਂ ਦਿੱਤੀਆਂ ਸੰਸਥਾਵਾਂ ਸਲਾਹ ਅਤੇ ਵਿਹਾਰਕ ਮਦਦ ਪ੍ਰਦਾਨ ਕਰਕੇ ਊਰਜਾ ਸਮਰੱਥਾ ਨੂੰ ਉਤਸ਼ਾਹਤ ਕਰਦੀਆਂ ਹਨ।

ਊਰਜਾ ਸਮਰੱਥਾ ਸਲਾਹ ਕੇਂਦਰ **(Energy Efficiency Advice Centres (EEACs))**

ਇਹ ਕੇਂਦਰ ਘਰ-ਪਰਿਵਾਰਾਂ ਅਤੇ ਛੋਟੇ ਕਾਰੋਬਾਰਾਂ ਨੂੰ ਇਸ ਵਿਸ਼ੇ 'ਤੇ ਮੁਫ਼ਤ, ਨਿਰਪੱਖ ਅਤੇ ਸੁਤੰਤਰ ਸਲਾਹ ਦਿੰਦੇ ਹਨ ਕਿ ਊਰਜਾ ਦੀ ਬਚਤ ਕਿਵੇਂ ਕਰਨੀ ਹੈ ਅਤੇ ਫਿਊਲ ਦੇ ਬਿੱਲਾਂ ਵਿੱਚ ਕਟੌਤੀ ਕਿਵੇਂ ਕਰਨੀ ਹੈ। ਉਹ ਤੁਹਾਨੂੰ ਹੋਰ ਜਾਣਕਾਰੀ ਲੈਣ ਲਈ ਮਾਲੀ ਮਦਦ ਦੇਣ ਵਾਲੀਆਂ ਏਜੰਸੀਆਂ, ਪੰਜੀਕ੍ਰਿਤ, ਠੇਕੇਦਾਰਾਂ ਅਤੇ ਹੋਰਨਾਂ ਥਾਵਾਂ ਨਾਲ ਵੀ ਸੰਪਰਕ ਕਰਵਾ ਸਕਦੇ ਹਨ। ਆਪਣੇ ਨੇੜਲੇ ਕੇਂਦਰ ਬਾਰੇ ਵੇਰਵੇ ਲੈਣ ਲਈ, ਕਿਰਪਾ ਕਰਕੇ **0800 512 012** 'ਤੇ ਕਾਲ ਕਰੋ।

ਸਥਾਨਕ ਅਧਿਕਾਰੀ

ਤੁਹਾਡੇ ਸਥਾਨਕ ਅਧਿਕਾਰੀ ਕੋਲ ਕੋਈ ਐਨਰਜੀ ਕੰਜ਼ਰਵੇਸ਼ਨ ਆਫਿਸਰ (Energy Conservation Officer) ਹੋ ਸਕਦਾਹੈ ਜੋ ਤੁਹਾਨੂੰ ਊਰਜਾ ਸਮਰੱਥਾ ਬਾਰੇ ਸਲਾਹ ਦੇ ਸਕਦਾ ਹੈ। ਤੁਸੀਂ ਆਪਣੀ ਸਥਾਨਕ ਕੌਂਸਲ ਦੇ ਗ੍ਰਾਹਕ ਸੇਵਾਵਾਂ ਵਿਭਾਗ ਤੋਂ ਸਲਾਹ ਵੀ ਪ੍ਰਾਪਤ ਕਰ ਸਕਦੇ ਹੋ। ਪਤਾ ਅਤੇ ਟੈਲੀਫ਼ੋਨ ਨੰਬਰ ਤੁਹਾਡੀ ਸਥਾਨਕ ਟੈਲੀਫ਼ੋਨ ਡਾਇਰੈਕਟਰੀ ਤੋਂ ਮਿਲ ਸਕਦੇ ਹਨ।

ਸੁਤੰਤਰ ਸਲਾਹ

ਫਾਊਂਡੇਸ਼ਨਜ਼ **(Foundations)**

ਇਹ ਸੰਸਥਾ, ਦੇਖਭਾਲ ਅਤੇ ਮੁਰੰਮਤ ਦੀਆਂ ਏਜੰਸੀਆਂ ਸਮੇਤ, ਘਰ ਵਿੱਚ ਸੁਧਾਰ ਕਰਨ ਵਾਲੀਆਂ ਸਾਰੀਆਂ ਰਾਸ਼ਟਰਵਿਆਪੀ ਏਜੰਸੀਆਂ ਨਾਲ ਤਾਲਮੇਲ ਕਰਦੀ ਹੈ। ਹੋਰ ਜਾਣਕਾਰੀ ਲਈ **01457 891909** 'ਤੇ ਕਾਲ ਕਰੋ।

ਨੈਸ਼ਨਲ ਐਨਰਜੀ ਐਕਸ਼ਨ **(National Energy Action (NEA))**

ਐਨਈਏ ਕੌਮੀ ਊਰਜਾ ਚੈਰਿਟੀ ਹੈ ਜਿਸ ਦਾ ਸਬੰਧ ਘੱਟ ਆਮਦਨ ਵਾਲੇ ਪਰਿਵਾਰਾਂ ਦੀਆਂ ਊਰਜਾ ਲੋੜਾਂ ਨਾਲ ਹੈ। ਇਹ ਊਰਜਾ ਸਮਰੱਥਾ ਬਾਰੇ ਸਿੱਖਿਆਦਾਇਕ ਅਤੇ ਸਿਖਲਾਈ ਸਮੱਗਰੀ ਪ੍ਰਦਾਨ ਕਰਦੀ ਹੈ। ਹੋਰ ਜਾਣਕਾਰੀ ਲਈ, **0191 261 5677** 'ਤੇ ਕਾਲ ਕਰੋ।

ਐਨਰਜੀ ਸੇਵਿੰਗ ਟ੍ਰੱਸਟ **(Energy Saving Trust(EST))**

ਈਐਸਟੀਯੂਕੇ ਵਿੱਚ ਊਰਜਾ ਦੇ ਸਾਰੇ ਰੂਪਾਂ ਦੀ ਕਾਰਗਰ ਵਰਤੋਂ ਨੂੰ ਉਤਸ਼ਾਹਤ ਕਰਦੀ ਹੈ, ਜਿਸਦਾ ਟੀਚਾ ਊਰਜਾ ਦੀ ਸਮੁੱਚੀ ਖਪਤ ਵਿੱਚ ਕਟੌਤੀ ਕਰਨਾ ਅਤੇ ਇੱਕ ਬਿਹਤਰ ਚੁਗਿਰਦਾ ਬਣਾਉਣਾ ਹੈ। 'ਊਰਜਾ ਸਮਰੱਥਾ' (ਐਨਰਜੀ ਸੇਵਿੰਗ ਟ੍ਰੱਸਟ ਦਾ ਇੱਕ ਉੱਦਮ) ਬਾਰੇਹੋਰ ਜਾਣਕਾਰੀ ਲਈ **0207 222 0101** 'ਤੇ ਕਾਲ ਕਰੋ।

ਹੋਰ ਤਰੀਕੇ ਜਿਨ੍ਹਾਂ ਨਾਲ ਅਸੀਂ ਮਦਦ ਕਰ ਸਕਦੇ ਹਾਂ

ਤੁਹਾਡੀਆਂ ਲੋੜਾਂ ਨੂੰ ਪੂਰਾ ਕਰਨਾ

ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਸਾਡੇ ਸਾਰੇ ਗਾਹਕਾਂ ਨਾਲ ਨਿਰਪੱਖ ਢੰਗ ਨਾਲ ਸਲੂਕ ਕੀਤਾ ਜਾਂਦਾ ਹੈ ਅਤੇ ਉਹਨਾਂ ਨੂੰ ਬਿਹਤਰੀਨ ਸੰਭਵ ਸੇਵਾ ਮਿਲਦੀ ਹੈ। ਜੇ ਤੁਹਾਨੂੰ ਇਹ ਕਿਤਾਬਚਾ ਵੱਡੇ ਅੱਖਰਾਂ, ਬ੍ਰੇਲ ਵਿੱਚ, ਜਾਂ ਸੀਡੀ 'ਤੇ ਆਡੀਓ ਸੰਸਕਰਣ ਵਜੋਂ ਚਾਹੀਦਾ ਹੋਵੇ, ਕਿਰਪਾ ਕਰਕੇ ਸਾਡੀ ਪ੍ਰਾਇਓਰਿਟੀ ਸਰਵਿਸਿਜ਼ ਟੀਮ (Priority Services Team) ਨੂੰ **0800 269 450*** 'ਤੇ ਮੁਫ਼ਤ ਕਾਲ ਕਰੋ।

ਅੰਗਰੇਜ਼ੀ ਨਾ-ਬੋਲਣ ਵਾਲੇ ਗਾਹਕ

ਜੇ ਅੰਗਰੇਜ਼ੀ ਤੁਹਾਡੀ ਪਹਿਲੀ ਭਾਸ਼ਾ ਨਹੀਂ ਹੈ ਅਤੇ ਤੁਸੀਂ ਕਿਸੇ ਹੋਰਭਾਸ਼ਾ ਵਿੱਚ ਜਾਣਕਾਰੀ ਲੈਣੀ ਚਾਹੋ, ਤਾਂ ਕਿਰਪਾ ਕਰਕੇ ਸਾਨੂੰ **0800 096 9000*** 'ਤੇ ਮੁਫ਼ਤ ਕਾਲ ਕਰੋ ਅਤੇ ਅਸੀਂ ਤੁਹਾਨੂੰ ਸਾਡੀ ਵਿਸ਼ੇਸ਼ ਭਾਸ਼ਾ ਲਾਈਨ 'ਤੇ ਤਬਦੀਲ ਕਰ ਦਿਆਂਗੇ।

ਸਾਡੇ ਕੋਲ ਅਜਿਹੇ ਆਪਰੇਟਰ ਹਨ, ਜੋ ਆਪਸ ਵਿੱਚ, 100ਨਾਲੋਂ ਵੱਧ ਵੱਖ-ਵੱਖ ਭਾਸ਼ਾਵਾਂ ਬੋਲ ਸਕਦੇ ਹਨ।

ਇਹ ਗਾਈਡ ਸਿਰਫ ਟੈਕਸਟ (ਛਪੇ ਹੋਏ ਅੱਖਰਾਂ) ਦੇ ਰੂਪ ਵਜੋਂ ਉਰਦੂ, ਬੰਗਾਲੀ, ਸੋਮਾਲੀ, ਗੁਜਰਾਤੀ, ਤੁਰਕਿਸ਼, ਹਿੰਦੀ, ਪੰਜਾਬੀ ਅਤੇ ਵੈਲਸ਼ ਵਿੱਚ ਵੀ ਉਪਲਬਧ ਹੈ।

*ਸਾਡੇ ਕਸਟਮਰ ਕੇਅਰ ਪ੍ਰੋਗਰਾਮ ਦੇ ਹਿੱਸੇ ਵਜੋਂ ਕਾਲਾਂ ਦੀ ਜਾਂਚ ਅਤੇ ਰਿਕਾਰਡਿੰਗ ਕੀਤੀ ਜਾ ਸਕਦੀ ਹੈ। ਯੂਕੇ ਲੈਂਡਲਾਈਨਾਂ ਤੋਂ 0800 ਕਾਲਾਂ ਮੁਫ਼ਤ ਹੁੰਦੀਆਂ ਹਨ ਪਰ ਜੇ ਤੁਸੀਂ ਕਿਸੇ ਮੋਬਾਈਲ ਫੋਨ ਤੋਂ ਕਾਲ ਕਰਦੇ ਹੋ ਤਾਂਤੁਹਾਡੇ ਨੈਟਵਰਕ ਆਪਰੇਟਰ ਵੱਲੋਂ ਕੋਈ ਖਰਚਾ ਲਗਾਇਆ ਜਾ ਸਕਦਾ ਹੈ। ਹੋਰ ਸਾਰੇ ਨੰਬਰਾਂ 'ਤੇ ਸਥਾਨਕ ਦਰ ਦੇ ਹਿਸਾਬ ਨਾਲ ਖਰਚਾ ਲਗਾਇਆ ਜਾਂਦਾ ਹੈ।

^ਸਰੋਤ: ਐਨਰਜੀ ਸੇਵਿੰਗ ਟ੍ਰੱਸਟ

ਈਡੀਐਫ਼ ਐਨਰਜੀ, ਈਡੀਐਫ਼ ਐਨਰਜੀ ਕਸਟਮਰਜ਼ ਪੀਐਲਸੀ (EDF Energy Customers plc) ਵੱਲੋਂ ਵਰਤਿਆ ਜਾਂਦਾ ਵਪਾਰਕ ਨਾਂ ਹੈ, ਰਜਿਸਟ੍ਰੇਸ਼ਨ ਨੰ: 02228297 ਜਿਸਦਾ ਰਜਿਸਟਰਡ ਦਫ਼ਤਰ 40 Grosvenor Place, London SW1X 7EN ਵਿਖੇ ਹੈ, ਜੋ ਕਿ ਇੰਗਲੈਂਡ ਅਤੇ ਵੇਲਜ਼ ਵਿੱਚ ਸੰਸਥਾਪਤ ਹੈ। ਈਡੀਐਫ ਐਨਰਜੀ ਕਸਟਮਰਜ਼ ਪੀਐਲਸੀ, ਈਡੀਐਫ ਐਨਰਜੀ ਪੀਐਲਸੀ ਦੀ ਸਮੁੱਚੇ ਰੂਪ ਵਿੱਚ ਮਾਲਕੀ ਵਾਲੀ ਸਹਾਇਕ ਕੰਪਨੀ ਹੈ।
ਈਡੀਐਫ ਐਨਰਜੀ ਦੇ ਸਾਰੇ ਸਪਲਾਈ ਇਕਰਾਰਨਾਮਿਆਂ ਲਈ ਸਪਲਾਈ ਦੀਆਂ ਫ਼ਰਜ਼ਾਂ ਦੀ ਕਾਰਗੁਜ਼ਾਰੀ ਲਈ ਜ਼ਿੰਮੇਵਾਰੀ ਈਡੀਐਫ ਐਨਰਜੀ ਕਸਟਮਰਜ਼ ਪੀਐਲਸੀ 'ਤੇ ਟਿਕੀ ਹੈ।

# <u>ਦਰਜ਼ ਕਰਵਾਉਣਾ ਸ਼ਿਕਾਇਤ – ਰਿਹਾਇਸ਼ੀ ਅਤੇ ਛੋਟੇ ਵਪਾਰਕ ਗ੍ਰਾਹਕ</u>

<u>ਸਮੱਗਰੀ</u>
ਜਾਣ ਪਛਾਣ
ਅਸੀਂ ਇੱਥੇ ਮਦਦ ਲਈ ਹਾਂ
ਤੁਹਾਡੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ

**ਸੇਵਾ ਸਰਵਉੱਚਤਾ**

EDF ਐਨਰਜੀ ਵਿਖੇ, ਅਸੀਂ ਤੁਹਾਨੂੰ ਪ੍ਰਦਾਨ ਕਰਨ ਲਈ ਵਚਨਬੱਧ ਹਾਂ ਅਲੱਗ ਸੇਵਾ।ਜੇ ਤੁਸੀਂ ਸਾਡੇ ਤੋਂ ਪ੍ਰਾਪਤ ਕੀਤੀ ਸੇਵਾ ਦੇ ਪੱਧਰ ਤੋਂ ਖੁਸ਼ ਨਹੀ ਹੋ, ਕਿਰਪਾ ਕਰਕੇ ਸਾਨੂੰ ਜਾਣੂ ਕਰਾਓ ਤਾਂ ਕਿ ਅਸੀਂ ਜਿੰਨਾਂ ਜਲਦੀ ਹੋ ਸਕੇ ਮੁੱਦੇ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰ ਸਕੀਏ।

**ਅਸੀਂ ਇੱਥੇ ਮਦਦ ਲਈ ਹਾਂ**

**ਸ਼ਿਕਾਇਤਾਂ ਦੀ ਪ੍ਰਕ੍ਰਿਆ**
ਜੇ ਤੁਹਾਨੂੰ ਸ਼ਿਕਾਇਤ ਹੈ ਕਿਰਪਾ ਕਰਕੇ ਇਹ ਕਦਮ ਪੂਰੇ ਕਰੋ :

**ਕਦਮ 1 : ਸਾਨੂੰ ਸੰਪਰਕ ਕਰੋ**
ਪਹਿਲੇ ਕਦਮ ਵਜੋਂ, ਕਿਰਪਾ ਕਰਕੇ ਸਾਨੂੰ ਹੇਠਾਂ ਲਿਖੇ ਤਰੀਕਿਆਂ ਨਾਲ ਸੰਪਰਕ ਕਰੋ :
• ਸਾਡੇ ਉੱਚ ਸਿਖਲਾਈ ਪ੍ਰਾਪਤ ਕਸਟਮਰ ਸਰਵਿਸ ਐਡਵਾਈਜ਼ਰਾਂ ਨੂੰ ਤੁਹਾਡੀ ਮੁਸ਼ਕਿਲ ਵਿਚਾਰਨ ਲਈ ਜੇ ਤੁਸੀਂ ਰਿਹਾਇਸ਼ੀ ਗ੍ਰਾਹਕ ਹੋ **0800 096 9000*** ਉੱਤੇ ਜਾਂ ਜੇ ਤੁਸੀਂ ਛੋਟੇ ਉਦਯੋਗ ਵਾਲੇ ਗ੍ਰਾਹਕ ਹੋ **0800 096 2255*** ਉੱਤੇ, ਫ਼ੋਨ ਕਰ

• ਸਾਨੂੰ ਇੱਥੇ ਲਿਖੋ :
Customer Liaison Team,
EDF ਐਨਰਜੀ,
Freepost 3814,
London,
WC1V 6AJ

• ਸਾਨੂੰ ਇੱਥੇ ਈ ਮੇਲ ਕਰੋ :
customer_correspondence@edfenergy.com

• ਆਹਮੋ ਸਾਹਮਣੇ ਦੇ ਵਿਚਾਰ ਵਟਾਂਦਰੇ ਲਈ ਸਾਡੇ ਕਿਸੇ ਵੀ ਦਫ਼ਤਰ ਤੇ ਆਉ (ਕਿਰਪਾ ਕਰਕੇ ਇਸ ਕਿਤਾਬਚੇ ਦੇ ਪਿੱਛੇ ਪਤੇ ਨੂੰ ਦੇਖੋ)।

**ਕਦਮ 2 : ਅਜੇ ਵੀ ਨਾਖੁਸ਼. . .?**
ਜੇ ਸਾਡੇ ਕਸਟਰਮ ਸਰਵਿਸ ਐਡਵਾਈਜ਼ਰ ਤੁਹਾਡੇ ਮੁੱਦੇ ਨੂੰ ਹੱਲ ਕਰਨ ਦੇ ਯੋਗ ਨਹੀਂ ਹਨ ਜਾਂ ਤੁਸੀਂ ਉਨ੍ਹਾਂ ਦੁਆਰਾ ਪ੍ਰਦਾਨ ਕੀਤੇ ਹੱਲ ਤੋਂ ਪੂਰੀ ਤਰ੍ਹਾਂ ਖੁਸ਼ ਨਹੀਂ ਹੋ, ਤੁਸੀਂ ਆਪਣੇ ਮੁੱਦੇ ਨੂੰ ਟੀਮ ਮੈਨੇਜਰ ਨਾਲ ਗੱਲ ਕਰਨ ਲਈ ਕਹਿ ਕੇ ਤੁਹਾਡੇ ਮੁੱਦੇ ਨੂੰ ਹੋਰ ਅੱਗੇ ਲਿਜਾ ਸਕਦੇ ਹੋ।

**ਕਦਮ 3 : ਅਜੇ ਵੀ ਸੰਤੁਸ਼ਟ ਨਹੀਂ. . .?**

ਜੇ ਤੁਸੀਂ ਅਜੇ ਵੀ ਅਸੰਤੁਸ਼ਟ ਹੋ, ਤੁਸੀਂ ਆਪਣੀ ਸ਼ਿਕਾਇਤ ਦੇ ਪੂਰੇ ਮੁਲਾਂਕਣ ਲਈ ਬੇਨਤੀ ਕਰ ਸਕਦੇ ਹੋ ਇਸ ਦੁਆਰਾ :
• ਕਸਟਮਰ ਸਰਵਿਸ ਦੇ ਮੈਨੇਜਿੰਗ ਡਾਇਰੈਕਟਰ ਨੂੰ ਇੱਥੇ ਲਿਖ ਕੇ :
EDF ਐਨਰਜੀ
Freepost 3814
London
WC1V 6AJ

• ਕਸਟਮਰ ਸਰਵਿਸ ਦੇ ਮੈਨੇਜਿੰਗ ਡਾਇਰੈਕਟਰ ਨੂੰ ਇੱਥੇ ਲਿਖ ਕੇ :
ManagingDirectorofCustomerServices@edfenergy.com

**ਸ਼ਿਕਾਇਤ ਨਤੀਜਾ**
ਅਸੀਂ ਤੁਹਾਡੀ ਸ਼ਿਕਾਇਤ ਨੂੰ ਜਿੰਨਾਂ ਜਲਦੀ ਸੰਭਵ ਹੋ ਸਕੇ ਤੁਹਾਡੀ ਸ਼ਿਕਾਇਤ ਦਾ ਜਵਾਬ ਦੇਵਾਂਗੇ ਅਤੇ ਇਸਨੂੰ 10 ਕੰਮਕਾਰੀ ਦਿਨਾਂ ਵਿਚ ਕਰਨ ਦਾ ਟੀਚਾ ਕਰਾਂਗੇ।
ਤੁਹਾਡੀ ਸ਼ਿਕਾਇਤ ਦਾ ਪੂਰਾ ਮੁਲਾਂਕਣ ਕਰਨ ਤੋਂ ਬਾਅਦ ਅਸੀਂ ਹੇਠਾਂ ਲਿਖੀਆਂ ਕਾਰਵਾਈਆਂ ਕਰ ਸਕਦੇ ਹਾਂ :

• ਮਾਫ਼ੀ ਮੰਗਾਂਗੇ ਅਤੇ ਤੁਹਾਨੂੰ ਸਾਡੇ ਤੱਥ ਅਤੇ ਇਹ ਕਿਉਂ ਹੋਇਆ ਦੱਸਾਂਗੇ
• ਚੀਜ਼ਾਂ ਠੀਕ ਕਰਨ ਲਈ ਢੁੱਕਵੀਆਂ ਕਾਰਵਾਈਆਂ ਕਰਨਾ
• ਸਾਡਾ ਅਗਲਾ ਕਦਮ ਦੱਸਣਾ ਜਿਸ ਵਿਚ EDF ਐਨਰਜੀ ਦੁਆਰਾ ਭੁਗਤਾਨ ਕੀਤਾ ਗਿਆ ਮੁਆਵਜ਼ਾ ਜੇ ਤੁਹਾਡੀ ਸ਼ਿਕਾਇਤ ਸਾਡੀ ਵਿਕਰੀ ਕਾਰਵਾਈਆਂ ਨਾਲ ਸੰਬੰਧਤ ਹੈ (ਇਕ ਵਾਰ ਪੂਰੀ ਜਾਂਚ ਖਤਮ ਹੋਣ ਤੇ) ਸ਼ਾਮਿਲ ਹੋ ਸਕਦਾ ਹੈ

**ਅਜੇ ਵੀ ਮਹਿਸੂਸ ਕਰਦੇ ਹੋ ਤੁਹਾਡੇ ਮੁੱਦੇ ਅਣਸੁਲਝੇ ਹਨ . . .?**

ਐਨਰਜੀ ਓਂਬਡਸਮੈਨ ਇਕ ਮੁਕਤ ਅਤੇ ਸੁਤੰਤਰ ਅਦਾਰਾ ਹੈ ਜਿਸ ਕੋਲ ਗ੍ਰਾਹਕਾਂ ਦੇ ਮਾਮਲਿਆਂ ਨੂੰ ਸੁਲਝਾਉਣ ਦਾ ਅਧਿਕਾਰ ਹੈ।
ਉਹ ਤੁਹਾਡੀ ਸ਼ਿਕਾਇਤ ਦੀ ਜਾਂਚ ਕਰ ਸਕਦੇ ਹਨ ਜੇ :
• ਤੁਸੀਂ EDF ਐਨਰਜੀ ਤੋਂ ਪੱਤਰ ਪ੍ਰਾਪਤ ਕਰੋਗੇ ਜੋ ਤੁਹਾਡੀ ਸ਼ਿਕਾਇਤ ਦੇ ਸੰਬੰਧ ਵਿਚ ਸਾਡੀ ਆਖ਼ਰੀ ਸਥਿਤੀ ਸਾਫ ਕਰੇਗਾ। ਤੁਸੀਂ ਫਿਰ ਇਸ ਪੱਤਰ ਦੀ ਪ੍ਰਾਪਤੀ ਦੇ 6 ਮਹੀਨਿਆਂ ਦੇ ਅੰਦਰ ਸ਼ਿਕਾਇਤ ਨੂੰ ਐਨਰਜੀ ਓਂਬਡਸਮੈਨ ਦੇ ਹਵਾਲੇ ਕਰ ਸਕਦੇ ਹੋ।
• ਤੁਸੀਂ ਅਜੇ ਇਸ ਤਰ੍ਹਾਂ ਦਾ ਪੱਤਰ ਪ੍ਰਾਪਤ ਨਹੀ ਕੀਤਾ ਹੈ, ਪਰ ਜੇ ਤੁਹਾਨੂੰ ਸਾਨੂੰ ਸ਼ਿਕਾਇਤ ਕੀਤਿਆਂ ਘੱਟੋ ਘੱਟ 8 ਹਫ਼ਤੇ ਲੰਘ ਚੁੱਕੇ ਹਨ। ਤੁਹਾਨੂੰ ਸਾਨੂੰ ਆਪਣੀ ਪਹਿਲੀ ਸ਼ਿਕਾਇਤ ਕਰਨ ਤੋਂ 9 ਮਹੀਨਿਆਂ ਦੇ ਅੰਦਰ ਆਪਣੀ ਸ਼ਿਕਾਇਤ ਓਂਬਡਸਮੈਨ ਦੇ ਹਵਾਲੇ ਜ਼ਰੂਰ ਕਰ ਦੇਣੀ ਚਾਹੀਦੀ ਹੈ।
**ਛੋਟੇ ਵਪਾਰਕ ਗ੍ਰਾਹਕ**
ਇਹ ਦੇਖਣ ਲਈ ਕਿ ਤੁਹਾਡਾ ਵਪਾਰ ਐਨਰਜੀ ਓਂਬਡਸਮੈਨ ਦੁਆਰਾ ਜਾਂਚ ਕੀਤੇ ਜਾਣ ਲਈ ਯੋਗ ਹੁੰਦਾ ਹੈ ਕਿਰਪਾ ਕਰਕੇ ਉਨ੍ਹਾਂ ਨੂੰ (ਵੇਰਵਾ ਹੇਠਾਂ ਦਿੱਤਾ ਗਿਆ ਹੈ) ਸਿੱਧਾ ਸੰਪਰਕ ਕਰੋ।

**ਐਨਰਜੀ ਓਂਬਡਸਮੈਨ ਦੇ ਸੰਪਰਕ ਵੇਰਵੇ**
• ਟੈਲੀਫ਼ੋਨ : 0845 055 0760 (ਸੋਮਵਾਰ ਤੋਂ ਸ਼ੁੱਕਰਵਾਰ, ਸਵੇਰ 9 ਤੋਂ ਸ਼ਾਮ 5 ਵਜੇ ਤੱਕ)
• ਵੈਬਸਾਈਟ L www.energy_ombudsman.co.uk
• ਪਤਾ : ਐਨਰਜੀ ਓਂਬਡਸਮੈਨ
PO Box 966
Warrington
WA4 9DF

**ਰਿਹਾਇਸ਼ੀ ਗ੍ਰਾਹਕਾਂ ਲਈ ਵਧੇਰੇ ਜਾਣਕਾਰੀ**

ਜੇ ਤੁਸੀਂ ਚਾਹੁੰਦੇ ਹੋ ਇਸ ਕਿਤਾਬਚੇ ਨੂੰ ਵੱਡੇ ਪ੍ਰਿੰਟ, ਬ੍ਰੇਲ ਜਾਂ ਸੀਡੀ ਵਿਚ ਸੁਣਨ ਦੇ ਰੂਪ ਵਿਚ ਬਣਾਇਆ ਜਾਵੇ, ਕਿਰਪਾ ਕਰਕੇ ਸਾਡੀ ਪ੍ਰਾਈਓਰਟੀ ਸਰਵਿਸ ਟੀਮ ਨੂੰ 0800 269 450* ਉੱਤੇ ਮੁਫ਼ਤ ਕਾਲ ਕਰੋ।

**ਇੰਗਲਿਸ਼ ਨਾ ਬੋਲਣ ਵਾਲੇ ਗ੍ਰਾਹਕ**
ਜੇ ਇੰਗਲਿਸ਼ ਤੁਹਾਡੀ ਪਹਿਲੀ ਭਾਸ਼ਾ ਨਹੀਂ ਹੈ, ਕਿਰਪਾ ਕਰਕੇ ਸਾਨੂੰ **0800 096 9000*** ਉੱਤੇ ਮੁਫ਼ਤ ਕਾਲ ਕਰੋ ਅਤੇ ਅਸੀਂ ਤੁਹਾਨੂੰ ਸਾਡੀ ਖਾਸ ਭਾਸ਼ਾਈ ਲਾਈਨ ਉੱਤੇ ਭੇਜ ਦੇਵਾਂਗੇ ਜਿੱਥੇ ਸਾਡੇ ਕੋਲ ਆਪਰੇਟਰ ਹਨ ਜੋ 100 ਅਲੱਗ ਭਾਸ਼ਾਵਾਂ ਬੋਲ ਸਕਦੇ ਹਨ।

ਜੇ ਅਸੀਂ ਤੁਹਾਡੀ ਮੁਸ਼ਕਿਲ ਦਾ ਹੱਲ ਨਹੀਂ ਲੱਭ ਸਕਦੇ ਤੁਸੀਂ ਸਾਡੀ ਕਸਟਮਰ ਡਾਇਰੈਕਟ, ਸਰਕਾਰ ਦੀ ਗ੍ਰਾਹਕਾਂ ਦੀਆਂ ਸਭ ਤਰ੍ਹਾਂ ਦੇ ਪ੍ਰਸ਼ਨਾਂ ਉੱਤੇ ਸਾਫ, ਅਭਿਆਸੀ ਅਤੇ ਨਿਰਪੱਖ ਸੇਵਾ ਨਾਲ ਸੰਪਰਕ ਕਰ ਸਕਦੇ ਹੋ। ਕਿਰਪਾ ਕਰਕੇ ਉਨ੍ਹਾਂ ਨੂੰ **08454 04 05 06** ਉੱਤੇ ਫ਼ੋਨ ਕਰੋ ਜਾਂ ਆਨਲਾਈਨ ਇੱਥੇ : **www.consumerdirect.gov.uk**

ਜੇ ਤੁਸੀਂ ਤੁਹਾਡੀ ਸ਼ਿਕਾਇਤ ਦੇ ਬਾਰੇ ਆਹਮੋ ਸਾਹਮਣੇ ਗੱਲਬਾਤ ਕਰਨੀ ਲਈ ਸਾਡੇ ਕਿਸੇ ਦਫ਼ਤਰ ਵਿਚ ਆਉਣਾ ਚਾਹੁੰਦੇ ਹੋ, ਇੱਥੇ ਸਾਡੇ ਦਫ਼ਤਰਾਂ ਦੇ ਪਤੇ ਦਿੱਤੇ ਗਏ ਹਨ :

**ਹੂਵ ਦਫ਼ਤਰ**
EDF ਐਲਰਜੀ
329 Portland Road
Hove
BN3 5SU

**ਵਰਥਿੰਗ ਦਫ਼ਤਰ**
EDF ਐਲਰਜੀ
Southdown view Road
Worthing
BN14 8NL

**ਪਲਾਈਮਾਊਥ ਦਫ਼ਤਰ**
EDF ਐਲਰਜੀ
334 Outland Road
Manadon, Plymouth
Devon
PL3 5TU

**ਐਕਸਟਰ ਦਫ਼ਤਰ**
EDF ਐਲਰਜੀ
Gadeon House, Grenadier Road
Exeter Business Park
Exeter
EX1 3UT

*ਕਾਲਾਂ ਸਾਡੇ ਕਸਟਮਰ ਸਰਵਿਸ ਪ੍ਰੋਗ੍ਰਾਮ ਦੇ ਹਿੱਸੇ ਵਜੋਂ ਮਾਨੀਟਰ ਅਤੇ ਰਿਕਾਰਡ ਕੀਤੀਆਂ ਜਾ ਸਕਦੀਆਂ ਹਨ। 0800 ਕਾਲਾਂ ਬੀਟੀ ਲੈਂਡਲਾਈਨ ਤੋਂ ਮੁਫ਼ਤ ਹਨ ਪਰ ਸਥਾਨਕ ਨੈੱਟਵਰਕ ਦੇ ਖਰਚੇ ਭਿੰਨ ਹੋ ਸਕਦੇ ਹਨ। ਬਾਕੀ ਸਾਰੇ ਨੰਬਰ ਲੋਕਲ ਰੇਟਾਂ ਉੱਤੇ ਵਸੂਲੇ ਜਾਂਦੇ ਹਨ ।

EDF ਐਨਰਜੀ EDF ਐਨਰਜੀ ਕਸਟਰਮ ਪੀਐਲਸੀ. ਰਜਿ. ਨੰ. 02228297 ਦੁਆਰਾ ਵਰਤਿਆ ਜਾਣ ਵਾਲਾ ਵਪਾਰਕ ਨਾਮ ਹੈ ਜਿਸਦਾ ਇੰਗਲੈਂਡ ਅਤੇ ਵੇਲਜ਼ ਦੁਆਰਾ ਸ਼ੁਰੂ ਕੀਤਾ ਗਿਆ ਰਜਿਸਟਰਡ ਦਫ਼ਤਰ 40 ਗਰੁਸਵੈਨਰ ਪਲੇਸ ਲੰਡਨ ਐਸਡਬਲਿਯੂ1ਐਕਸ7ਈਐਨ ਵਿਖੇ ਹੈ। EDF ਐਨਰਜੀ ਕਸਟਮਰ ਸਰਵਿਸ ਪੀਐਲਸੀ EDF ਐਨਰਜੀ ਪੀਐਲਸੀ. ਦੁਆਰਾ ਪੂਰੀ ਤਰ੍ਹਾਂ ਮਾਲਕੀਅਤ ਕੀਤਾ ਉਪਭਾਗ ਹੈ। EDF ਐਨਰਜੀ ਦੁਆਰਾ ਪੂਰਤੀ ਦੇ ਸਾਰੇ ਠੇਕਿਆਂ ਲਈ ਪੂਰਤੀ ਦੀਆਂ ਕਾਰਗੁਜ਼ਾਰੀਆਂ ਦੀਆਂ ਜ਼ਿੰਮੇਵਾਰੀਆਂ EDF ਕਸਟਮਰ ਪੀਐਲਸੀ. ਦੀਆਂ ਹਨ

**ਗੈਸ ਸੁਰੱਖਿਆ**

**ਭੂਮਿਕਾ**
**ਨਜ਼ਰ ਨਾ ਆਉਣ ਵਾਲੇ ਖਤਰੇ**
**ਤੁਹਾਡੇ ਘਰ ਦਾ ਨਿਰੀਖਣ ਕਰਨਾ**
**ਸੰਪਰਕ ਵਿਚ ਰਹਿਣਾ**
**ਹੋਰ ਤਰੀਕਿਆਂ ਜਿਨ੍ਹਾਂ ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ**

ਇਹ ਪੱਤ੍ਰਿਕਾ ਤੁਹਾਨੂੰ ਤੁਹਾਡੇ ਘਰ ਵਿਚ ਗੈਸ ਦੀ ਸੁਰੱਖਿਆ ਨੂੰ ਬੇਹਤਰ ਕਰਨ ਦੇ ਤਰੀਕੇ ਪ੍ਰਦਾਨ ਕਰਦੀ ਹੈ, ਅਤੇ ਦੱਸਦੀ ਹੈ ਕਿ ਆਪਾਤਕਾਲ ਵਿਚ ਕੀ ਕਰੀਏ।

ਪਿਛਲੇ ਪਾਸੇ ਵੱਲ, ਤੁਹਾਨੂੰ  ਫੋਨ ਨੰਬਰ ਮਿਲਣਗੇ ਜਿਨ੍ਹਾਂ ਨੂੰ ਤੁਸੀਂ ਮਦਦ ਜਾਂ ਸਲਾਹ ਲਈ ਕਾਲ ਕਰ ਸਕਦੇ ਹੋ।

**ਨਾ ਨਜ਼ਰ ਆਉਣ ਵਾਲੇ ਖਤਰੇ**
**ਨਾ ਨਜ਼ਰ ਆਣ ਵਾਲੇ ਖਤਰੇ**

**ਘਰ ਵਿਚ ਸੁਰੱਖਿਆ**

**ਤਾਜ਼ੀ ਹਵਾ ਨੂੰ ਫੈਲਣ ਦਿਓ**
ਜੇ ਤੁਸੀਂ ਗੈਸ, ਤੇਲ ਜਾਂ ਠੋਸ ਬਾਲਣ ਦੇ ਉਪਕਰਣ ਵਰਤ ਰਹੇ ਹੋ, ਉਹ ਜਿਨ੍ਹਾਂ ਕਮਰਿਆਂ ਵਿਚ ਹਨ ਉਨ੍ਹਾਂ ਕਮਰਿਆਂ ਵਿਚ ਹਵਾਦਾਰੀ ਨੂੰ ਨਾ ਰੋਕੋ। ਤੁਹਾਡੇ ਉਪਕਰਣਾਂ ਦੀ ਸੁਰੱਖਿਆ ਲਈ ਤਾਜ਼ੀ ਹਵਾ ਦਾ ਫੈਲਣਾ ਜ਼ਰੂਰੀ ਹੈ।

**ਗੈਸ ਲੀਕ ਹੋਣ ਦੇ ਖਤਰੇ**
ਕਾਰਬਨਮੋਨੋਆਕਸਾਈਡ ਅਤੇ ਗੈਸ ਲੀਕ ਹੋਣ ਦੇ ਖਤਰਿਆਂ ਬਾਰੇ ਜਾਣਨਾ ਜਰੂਰੀ ਹੈ।
• ਕਾਰਬਨਮੋਨੋਆਕਸਾਈਡ ਆਮ ਤੌਰ ਤੇ ਨੁਕਸਦਾਰ ਗੈਸ ਉਪਕਰਣਾਂ ਤੋਂ ਨਿਕਲਦੀ ਹੈ ਜਿਨ੍ਹਾਂ ਦੀ ਠੀਕ ਤਰ੍ਹਾਂ ਨਾਲ ਸਥਾਪਨਾ ਅਤੇ ਰੱਖ-ਰਖਾਵ ਨਹੀਂ ਹੁੰਦਾ।
• ਕਾਰਬਨਮੋਨੋਆਕਸਾਈਡ ਜ਼ਹਿਰ ਦੇ ਸ਼ੁਰੂਆਤੀ ਲੱਛਣਾਂ ਵਿਚੋਂ ਕੁਝ ਹਨ:  ਥਕਾਵਟ, ਝਪਕੀ, ਸਿਰ ਦਰਦ, ਛਾਤੀ ਵਿਚ ਦਰਦ ਅਤੇ ਪੇਟ ਦਰਦ।
• ਜ਼ਹਿਰ ਦੇ ਨਤੀਜੇ ਵਜੋਂ ਜ਼ਿਆਦਾ ਦੇਰ ਰਹਿਣ ਵਾਲਾ ਦਿਮਾਗੀ ਨੁਕਸਾਨ ਹੋ ਸਕਦਾ ਹੈ।
ਗੈਸ ਸੇਫਟੀ ਨਿਰੀਖਣ ਰੱਖ ਕੇ ਤੁਸੀਂ ਇਨ੍ਹਾਂ ਖਤਰਿਆਂ ਦੇ ਜੋਖਿਮ ਨੂੰ ਘਟਾ ਲਵੋਗੇ।

**ਕਾਰਬਨਮੋਨੋਆਕਸਾਈਡ ਕੀ ਹੈ?**
ਕਾਰਬਨਮੋਨੋਆਕਸਾਈਡ ਇਕ ਗੰਧਹੀਣ, ਰੰਗਹੀਣ ਗੈਸ ਹੈ ਜਿਸ ਦੇ ਕਾਰਨ ਅਕਾਰਣ ਮੌਤਾਂ ਹੋਈਆਂ ਹਨ ਲਗਭਗ 50 ਵਿਅਕਤੀਆਂ ਦੀਆਂ ਅਤੇ 200 ਦੇ ਕਰੀਬ ਵਿਅਕਤੀ ਹਰ ਸਾਲ ਯੂਕੇ ਵਿਚ ਫੱਟੜ ਹੋਏ ਹਨ। ਕਾਰਬਨ ਮੋਨੋਆਕਸਾਈਡ ਦੀ ਜ਼ਹਿਰ ਲਗਭਗ ਨਿਸ਼ਚਿਤ ਰੂਪ ਵਿਚ ਘੱਟ-ਤਸ਼ਖੀਸ (under-diagnosed) ਵਾਲੀ ਹੈ, ਇਸ ਕਰਕੇ ਬਹੁਤ ਸਾਰੇ ਵਿਅਕਤੀ ਇਸ ਦੇ ਲੱਛਣਾਂ ਨੂੰ

ਅਨੁਭਵ ਕੀਤੇ ਬਿਨ੍ਹਾਂ ਇਸ ਤੋਂ ਦੁੱਖ ਪਾਉਂਦੇ ਹਨ। ਬੱਚੇ, ਗਰਭਵਤੀ ਔਰਤਾਂ ਅਤੇ ਉਨ੍ਹਾਂ ਦੇ ਛੋਟੇ ਬੱਚੇ ਅਤੇ ਦਿਲ ਦੀਆਂ ਬਿਮਾਰੀਆਂ ਵਾਲੇ ਵਿਅਕਤੀ ਜ਼ਿਆਦਾ ਜੋਖਿਮ ਉੱਤੇ ਹਨ।

ਕਿਉਂਕਿ ਕਾਰਬਨ ਮੋਨੋਆਕਸਾਈਡ ਦੀ ਕੋਈ ਗੰਧ ਨਹੀਂ ਹੈ, ਤੁਸੀਂ ਕਾਰਬਨ ਮੋਨੋਆਕਸਾਈਡ ਪਤਾ ਲਗਾਉਣ ਵਾਲੇ ਯੰਤਰ ਨੂੰ ਸੁਰੱਖਿਆ ਉਪਾਅ ਦੇ ਤੌਰ ਤੇ ਆਪਣੇ ਘਰ ਵਿਚ ਸਥਾਪਤ ਕਰ ਸਕਦੇ ਹੋ। ਜਦੋਂ ਹਵਾ ਵਿਚ ਕਾਰਬਨ ਮੋਨੋਆਕਸਾਈਡ ਦੀ ਮਾਤਰਾ ਜ਼ਿਆਦਾ ਹੁੰਦੀ ਹੈ, ਇਹ ਯੰਤਰ ਉਸੇ ਵੇਲੇ ਤੁਹਾਨੂੰ ਦੱਸ ਦੇਣਗੇ। ਇਹ ਨਿਸ਼ਚਿਤ ਕਰ ਲਵੋ ਕਿ ਉਹੀ ਯੰਤਰ ਸਥਾਪਿਤ ਕਰਨੇ ਹਨ ਜੋ ਬ੍ਰਿਟਿਸ਼ ਜਾਂ ਯੂਰੋਪੀਅਨ ਸੁਰੱਖਿਆ ਦੇ ਮਾਪਦੰਡਾਂ ਦੇ ਅਨੁਸਾਰ ਹੋਣ।

**ਤੁਹਾਡੇ ਘਰ ਦਾ ਨਿਰੀਖਣ ਕਰਨਾ**

**ਗੈਸ ਸੁਰੱਖਿਆ ਦੇ ਨਿਰੀਖਣ**

**ਕੀ ਤੁਸੀਂ ਮੁਫਤ ਨਿਰੀਖਣ ਕਰਾਉਣ ਦੇ ਯੋਗ ਹੋ?**

ਜੇ ਤੁਸੀਂ ਘਰ ਦੇ ਮਾਲਿਕ ਹੋ ਜਾਂ ਇਕ ਗੈਸ ਗ੍ਰਾਹਕ ਹੋ, ਅਸੀਂ ਤੁਹਾਨੂੰ ਇਕ ਮੁਫਤ ਗੈਸ ਸੁਰੱਖਿਆ ਨਿਰੀਖਣ ਦੀ ਪੇਸ਼ਕਸ਼ ਕਰ ਸਕਦੇ ਹਾਂ।

ਤੁਸੀਂ ਗੈਸ ਸੁਰੱਖਿਆ ਦਾ ਮੁਫਤ ਨਿਰੀਖਣ ਕਰਾਉਣ ਲਈ ਯੋਗ ਹੋ ਜੇ:

• ਤੁਹਾਨੂੰ ਜ਼ਰੂਰਤ ਸੰਬੰਧੀ ਨਿਰੀਖਣ ਦਾ ਲਾਭ (ਮੀਨਸ-ਟੈਸਟਿਡ ਬੈਨਿਫਿਟ) ਮਿਲਿਆ ਹੈ ਅਤੇ ਪੰਜ ਸਾਲ ਦੀ ਉਮਰ ਤੋਂ ਛੋਟਾ ਬੱਚਾ ਹੈ, ਜਾਂ

• ਤੁਸੀਂ ਪੈਨਸ਼ਨ ਲੈਣ ਦੀ ਉਮਰ ਦੇ ਹੋ, ਵਿਕਲਾਂਗ ਹੋ ਜਾਂ ਪੁਰਾਣੀ ਬਿਮਾਰੀ ਹੈ ਅਤੇ ਇਕੱਲੇ ਰਹਿੰਦੇ ਹੋ, ਜਾਂ

• ਤੁਸੀਂ ਪੈਨਸ਼ਨ ਲੈਣ ਦੀ ਉਮਰ ਦੇ ਹੋ, ਵਿਕਲਾਂਗ ਹੋ ਜਾਂ ਪੁਰਾਣੀ ਬਿਮਾਰੀ ਹੈ ਅਤੇ ਹੋਰਾਂ ਨਾਲ ਰਹਿੰਦੇ ਹੋ ਜੋ ਸਾਰੇ ਪੈਂਸ਼ਨ ਲੈਣ ਦੀ ਉਮਰ ਦੇ ਹਨ, ਵਿਕਲਾਂਗ ਹਨ, ਪੁਰਾਣੇ ਬਿਮਾਰ ਹਨ ਜਾਂ 18 ਸਾਲ ਤੋਂ ਘੱਟ ਉਮਰ ਦੇ ਹਨ।

ਅਤੇ

• ਤੁਸੀਂ ਸਾਨੂੰ ਤੁਹਾਡੇ ਲਈ ਮੁਫਤ ਗੈਸ ਸੁਰੱਖਿਆ ਨਿਰੀਖਣ ਕਰਨ ਲਈ ਕਹਿ ਸਕਦੇ ਹੋ।

• ਤੁਸੀਂ ਪਿਛਲੇ 12 ਮਹੀਨਿਆਂ ਵਿਚ ਆਪਣੀ ਜਗ੍ਹਾ ਤੇ ਗੈਸ ਸੁਰੱਖਿਆ ਨਿਰੀਖਣ ਨਹੀਂ ਕਰਵਾਇਆ ਹੈ।

ਗੈਸ ਦੇ ਉਪਕਰਣਾਂ ਅਤੇ ਗੈਸ ਫਿਟਿੰਗਸ ਤੇ ਸੁਰੱਖਿਆ ਨਿਰੀਖਣ ਤਜ਼ਰਬੇਕਾਰ ਗੈਸ ਇੰਜੀਨੀਅਰ ਦੁਆਰਾ ਮੁਫਤ ਵਿਚ ਕੀਤੇ ਜਾਣਗੇ।

**ਜੇ ਤੁਸੀਂ ਸੁਰੱਖਿਆ ਨਿਰੀਖਣ ਵਿਚ ਅਸਫਲ ਹੋ ਜਾਂਦੇ ਹੋ ਤਾਂ ਕੀ ਹੋਵੇਗਾ?**

ਜੇ ਇਕ ਉਪਕਰਣ ਸੁਰੱਖਿਆ ਨਿਰੀਖਣ ਵਿਚ ਅਸਫਲ ਹੋ ਜਾਂਦਾ ਹੈ, ਇਸ ਨੂੰ ਅਲੱਗ ਕਰ ਦਿਤਾ ਜਾਵੇਗਾ ਅਤੇ ਲੇਬਲ ਲਗਾ ਦਿਤਾ ਜਾਵੇਗਾ ਕਿ ਇਹ ਸੁਰੱਖਿਅਤ ਨਹੀਂ ਹੈ। ਇਸ ਉਪਕਰਣ ਨੂੰ ਉਦੋਂ ਤਕ ਨਾ ਵਰਤੋਂ ਜਦੋਂ ਤਕ ਇਕ ਨਿਪੁੰਨ ਇੰਜੀਨੀਅਰ ਦੁਆਰਾ ਇਸ ਦੀ ਮੁਰੰਮਤ ਜਾਂ ਸਰਵਿਸ ਨਾ ਕੀਤੀ ਜਾਵੇ। ਹੋਰ ਸਲਾਹ ਜਾਂ ਸਹਾਇਤਾ ਲਈ, ਕ੍ਰਿਪਾ ਕਰਕੇ ਸਾਡੀ ਪ੍ਰਾਇਰਟੀ ਸਰਵਿਸਜ਼ ਟੀਮ ਨੂੰ **0800 269 450*** ਤੇ ਮੁਫਤ ਵਿਚ ਕਾਲ ਕਰੋ।

ਗ੍ਰੇਟ ਬ੍ਰਿਟੇਨ ਵਿਚ ਗੈਸ ਸੁਰੱਖਿਆ ਬਦਲ ਗਈ ਹੈ। ਗ੍ਰੇਟ ਬ੍ਰਿਟੇਨ ਵਿਚ ਸੀ ਓ ਆਰ ਜੀ ਆਈ (CORGI) ਗੈਸ ਰਜਿਸਟ੍ਰੇਸ਼ਨ 31 ਮਾਰਚ ਨੂੰ ਖਤਮ ਹੋ ਗਈ ਹੈ। ਇਸ ਕਰਕੇ ਸੀ ਓ ਆਰ ਜੀ ਆਈ ਲਗਾਉਣ ਵਾਲੇ ਉਪਕਰਣ (CORGI installer) ਲਈ ਨਾ

ਪੁੱਛੋ। ਗੈਸ ਸੁੇਫ ਰਜਿਸਟਰ (Gas Safe Register™) ਇੰਜੀਨੀਅਰ ਲਈ ਪੁੱਛੋ। ਕਾਨੂੰਨੀ, ਗੈਸ ਇੰਜੀਨੀਅਰ ਗੈਸ ਸੁਰੱਖਿਆ ਦੇ ਰਜਿਸਟਰ ਤੇ ਦਰਜ਼ ਹੋਣੇ ਚਾਹੀਦੇ ਹਨ। ਹਮੇਸ਼ਾਂ ਉਨ੍ਹਾਂ ਨੂੰ ਆਈ ਡੀ ਕਾਰਡ ਦਿਖਾਉਣ ਲਈ ਕਹੋ। ਗੈਸ ਸੁਰੱਖਿਅਤ ਰਹੋ। ਵਧੇਰੇ ਜਾਣਕਾਰੀ ਲਈ **www.GasSafeRegister.co.uk ਤੇ ਜਾਓ।**

**ਗੈਸ ਸੁਰੱਖਿਆ ਦਾ ਮੁਫਤ ਨਿਰੀਖਣ ਕਰਾਉਣ ਲਈ ਯੋਗ ਨਹੀਂ ਹੋ?**

ਜੇ ਤੁਸੀਂ ਗੈਸ ਸੁਰੱਖਿਆ ਦਾ ਮੁਫਤ ਨਿਰੀਖਣ ਕਰਾਉਣ ਲਈ ਯੋਗ ਨਹੀਂ ਹੋ, ਇਹ ਯਕੀਨੀ ਬਣਾ ਲਵੋ ਕਿ ਤੁਹਾਡੇ ਗੈਸ ਉਪਕਰਣ ਇਕ ਨਿਪੁੰਨ ਇੰਜੀਨੀਅਰ ਦੁਆਰਾ ਨਿਯਮਿਤ ਰੂਪ ਵਿਚ ਜਾਂਚੇ ਜਾਣ।

**ਕੀ ਤੁਸੀਂ ਆਪਣਾ ਘਰ ਕਿਰਾਏ ਤੇ ਦਿੱਤਾ ਹੈ?**

ਜੇ ਤੁਸੀਂ ਆਪਣੀ ਜਾਇਦਾਦ ਕਿਰਾਏ ਤੇ ਦਿੱਤੀ ਹੈ, ਇਹ ਦੇਖਣਾ ਤੁਹਾਡੇ ਮਕਾਨ ਮਾਲਕ ਦੀ ਜਿੰਮੇਵਾਰੀ ਹੈ ਕਿ ਉਪਕਰਣ ਸੁਰੱਖਿਅਤ ਹਨ ਅਤੇ ਸਾਲਾਨਾ ਜਾਂਚਾਂ ਹੁੰਦੀਆਂ ਹਨ।

## ਸੰਪਰਕ ਵਿਚ ਰਹਿਣਾ

**ਸਾਨੂੰ ਕਿਵੇਂ ਸੰਪਰਕ ਕਰੀਏ**

ਜੇ ਤੁਹਾਨੂੰ ਗੈਸ ਦੀ ਬਦਬੂ ਆਵੇ ਜਾਂ ਤੁਹਾਨੂੰ ਲੱਗੇ ਕਿ ਗੈਸ ਲੀਕ ਹੈ, ਤੁਸੀਂ ਨੈਸ਼ਨਲ ਗਰਿਡ ਐਮਰਜੈਂਸੀ ਨੰਬਰ ਨੂੰ **0800 111 999*** ਤੇ ਕਾਲ ਕਰ ਸਕਦੇ ਹੋ। ਲਾਈਨਾਂ ਬੈਂਕਾਂ ਦੀਆਂ ਛੁੱਟੀਆਂ ਸਮੇਤ ਹਰ ਰੋਜ਼, 24 ਘੰਟੇ ਪ੍ਰਤੀ ਦਿਨ ਖੁੱਲੀਆਂ ਰਹਿੰਦੀਆਂ ਹਨ।

**ਗਾਹਕ ਪੁੱਛ-ਗਿੱਛ ਹੈਲਪਲਾਈਨ (Customer Enquiry Helpline)**

ਰਿਹਾਇਸ਼ੀ ਪੁੱਛ-ਗਿੱਛ ਲਈ, ਕ੍ਰਿਪਾ ਕਰਕੇ ਸਾਨੂੰ **0800 096 9000***  ਤੇ ਮੁਫਤ ਵਿਚ ਕਾਲ ਕਰੋ।

ਜੇ ਤੁਸੀਂ ਸਾਨੂੰ ਲਿਖਣਾ ਚਾਹੁੰਦੇ ਹੋ ਕ੍ਰਿਪਾ ਕਰਕੇ ਆਪਣੀਆਂ ਚਿੱਠੀਆਂ ਇੱਥੇ ਭੇਜੋ:

ਪੱਤਰ ਵਿਹਾਰ ਮੈਨੇਜ਼ਰ

EDF Energy plc
FREEPOST 3814
LONDON
WC1V 6AJ
ਤੁਸੀਂ ਸਾਨੂੰ ਸਾਡੀ ਵੈਬ ਸਾਈਟ ਦੁਆਰਾ ਵੀ ਸੰਪਰਕ ਕਰ ਸਕਦੇ ਹੋ:

**www.edfenergy.com**

## ਹੋਰ ਤਰੀਕਿਆਂ ਜਿਨ੍ਹਾਂ ਨਾਲ ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

**ਤੁਹਾਡੀਆਂ ਜਰੂਰਤਾਂ ਨੂੰ ਪੂਰਾ ਕਰਨਾ**

ਅਸੀਂ ਇਹ ਸੁਨਿਸ਼ਚਿਤ ਕਰਨਾ ਚਾਹੁੰਦੇ ਹਾਂ ਕਿ ਸਾਡੇ ਸਾਰੇ ਗ੍ਰਾਹਕਾਂ ਨਾਲ ਚੰਗਾ ਵਿਹਾਰ ਹੋਵੇ ਅਤੇ ਜਿੰਨਾ ਸੰਭਵ ਹੋ ਸਕੇ ਉਹ ਵਧੀਆ ਸੇਵਾਵਾਂ ਪ੍ਰਾਪਤ ਕਰਨ। ਜੇ ਤੁਹਾਨੂੰ ਇਹ ਪਰਚਾ ਵੱਡੇ ਪ੍ਰਿੰਟ ਵਿਚ, ਬਰੇਲੀ, ਜਾਂ ਸੀਡੀ ਉਤੇ ਆਡੀਓ ਰੂਪ ਵਿਚ ਚਾਹੀਦਾ ਹੈ, ਕ੍ਰਿਪਾ ਕਰਕੇ ਸਾਡੀ ਪ੍ਰਾਇਰਟੀ ਸਰਵਿਸਜ਼ ਟੀਮ ਨੂੰ **0800 269 450*** ਤੇ ਮੁਫਤ ਵਿਚ ਕਾਲ ਕਰੋ।

**ਅੰਗ੍ਰੇਜੀ ਨਾ ਬੋਲਣ ਵਾਲੇ ਗ੍ਰਾਹਕ**

ਜੇ ਅੰਗ੍ਰੇਜ਼ੀ ਤੁਹਾਡੀ ਪਹਿਲੀ ਭਾਸ਼ਾ ਨਹੀਂ ਹੈ ਅਤੇ ਤੁਸੀਂ ਜਾਣਕਾਰੀ ਨੂੰ ਕਿਸੇ ਹੋਰ ਭਾਸ਼ਾ ਵਿਚ ਚਾਹੁੰਦੇ ਹੋ, ਕ੍ਰਿਪਾ ਕਰਕੇ ਸਾਨੂੰ **0800 096 9000***ਤੇ ਕਾਲ ਕਰੋ ਅਤੇ ਅਸੀਂ ਤੁਹਾਨੂੰ ਆਪਣੀ ਵਿਸ਼ੇਸ਼ ਭਾਸ਼ਾ ਲਾਈਨ ਤੇ ਭੇਜ ਦੇਵਾਂਗੇ। ਸਾਡੇ ਕੋਲ ਅਪਰੇਟਰ ਹਨ, ਜੋ ਆਪਸ ਵਿਚ 100 ਤੋਂ ਵੀ ਵੱਧ ਭਾਸ਼ਾਵਾਂ ਬੋਲ ਸਕਦੇ ਹਨ। ਇਹ ਗਾਈਡ ਫਰਾਂਸੀਸੀ, ਉਰਦੂ, ਬੰਗਾਲੀ, ਸੋਮਾਲੀ, ਗੁਜਰਾਤੀ, ਤੁਰਕਿਸ਼, ਹਿੰਦੀ, ਪੰਜਾਬੀ ਅਤੇ ਵੈਲਸ਼ ਵਿਚ ਕੇਵਲ ਪਾਠ-ਪੁਸਤਕ ਦੇ ਰੂਪ ਵਿਚ ਵੀ ਉਪਲੱਬਧ ਹੈ।

*ਸਾਡੇ ਗ੍ਰਾਹਕ ਸੰਭਾਲ ਪ੍ਰੋਗਰਾਮ ਦੇ ਭਾਗ ਵਜੋਂ ਕਾਲਾਂ ਦੀ ਜਾਂਚ ਅਤੇ ਰਿਕਾਰਡਿੰਗ ਕੀਤਾ ਜਾ ਸਕਦਾ ਹੈ। 0800 ਕਾਲਾਂ ਯੂਕੇ ਲੈਂਡਲਾਈਨ ਤੋਂ ਮੁਫਤ ਹਨ ਪਰ ਜੇ ਤੁਸੀਂ ਮੋਬਾਇਲ ਫੋਨ ਤੋਂ ਕਾਲ ਕਰਦੇ ਹੋ ਤਾਂ ਤੁਹਾਡਾ ਨੈੱਟਵਰਕ ਅਪਰੇਟਰ ਲਾਗਤ ਲੈ ਸਕਦਾ ਹੈ। ਹੋਰ ਸਾਰੇ ਨੰਬਰਾਂ ਤੇ ਸਥਾਨਕ ਰੇਟ ਲਗਣਗੇ।